

A Guide to
Inner Awakening

# ਜਪੁ, ਸੋ ਦਰੁ, ਸੋਹਿਲਾ

# ਅਨੰਦ

# ਤਤਕਰਾ


| | | |
|---|---|---|
| ਏਕੋ ਹੈ ਭਾਈ ਏਕੋ ਹੈ ॥ | .............................. | ੨ |
| ਮੁੱਖ ਬੰਦ | .............................. | ੩ |
| ਉਦੇਸ਼ | .............................. | ੪ |
| ਬੇਨਤੀ | .............................. | ੫ |
| ਮੂਲ | .............................. | ੭ |
| ਜਪੁ | .............................. | ੯ |
| ਸੋ ਦਰੁ | .............................. | ੬੩ |
| ਸੋਹਿਲਾ | .............................. | ੮੫ |
| ਅਨੰਦ | .............................. | ੯੩ |


**ਨੋਟ:** ਇਹ ਬਾਣੀਆਂ ਸਰਬ ਸਾਂਝੀਵਾਲਤਾ ਦੇ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਸੁਸ਼ੋਭਤ ਹਨ। ਜਪੁ, ਸੋ ਦਰੁ ਅਤੇ ਸੋਹਿਲਾ ੧ ਤੋਂ ੧੩ ਅੰਗ ਤੇ ਅਤੇ 'ਅਨੰਦ' ੯੧੭ ਅੰਗ ਤੇ ਦਰਜ ਹਨ।

# ਏਕੋ ਹੈ ਭਾਈ ਏਕੋ ਹੈ ॥

## All Is One

ਅੱਜ ਕੈਨੇਡਾ ਵਿੱਚ ਰਹਿੰਦਿਆਂ ਮੈਨੂੰ ੪੫ ਸਾਲ ਹੋ ਗਏ ਹਨ। ਪਿਛਲੇ ੪੦ ਸਾਲਾਂ ਤੋਂ, ਵਪਾਰਕ ਕਾਰਜਾਂ ਦੇ ਸਿਲਸਿਲੇ ਵਿੱਚ, ਮੈਂ ਕਈ ਦੇਸ਼ਾਂ ਦੀ ਯਾਤਰਾ ਕੀਤੀ, ਕਈ ਧਰਮਾਂ ਦੇ ਲੋਕਾਂ ਨਾਲ ਮੁਲਾਕਾਤ ਹੋਈ ਅਤੇ ਉਨ੍ਹਾਂ ਦੇ ਧਰਮ ਨੂੰ ਨੇੜਿਓਂ ਜਾਣਨ ਦਾ ਮੌਕਾ ਮਿਲਿਆ। ਧਰਮ ਦੇ ਖੇਤਰ ਵਿੱਚ ਮੈਨੂੰ ਲੋਕਾਂ ਵਿੱਚ ਬਹੁਤ ਸਮਾਨਤਾ ਨਜ਼ਰ ਆਈ ਹੈ। ਧਾਰਮਿਕ ਪਰੰਪਰਾਵਾਂ ਤੋਂ ਇਲਾਵਾ, ਧਾਰਮਿਕ ਕਰਮਕਾਂਡ ਵੀ ਅਕਸਰ ਮਿਲਦੇ ਜੁਲਦੇ ਹੀ ਲੱਗਦੇ ਹਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਧਾਰਮਿਕ ਵੱਖਵਾਦ ਅਜੇ ਵੀ ਚਰਮ ਤੇ ਹੈ। ਇੰਨਾ ਹੀ ਨਹੀਂ, ਪਰਵਾਰਾਂ ਵਿੱਚ ਆ ਰਹੀ ਗਿਰਾਵਟ ਅਤੇ ਬਦਸਲੂਕੀ ਤੋਂ ਅਸੀਂ ਅਣਜਾਣ ਨਹੀਂ ਹਾਂ।

ਮੈਂ ਗੁਰਬਾਣੀ ਨੂੰ ਪੜ੍ਹਨ ਅਤੇ ਸੁਣਨ ਦਾ ਚਾਹਵਾਨ ਹਾਂ ਅਤੇ ਇਹ ਮਹਿਸੂਸ ਕਰਦਾ ਹਾਂ ਕਿ ਗੁਰਬਾਣੀ ਦਾ ਸੰਦੇਸ਼ ਕਿਸੇ ਇੱਕ ਸੰਸਥਾਗਤ ਧਰਮ ਜਾਂ ਮਜ਼੍ਹਬ ਦੀ ਸਥਾਪਨਾ ਲਈ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਆਤਮਕ ਉੱਚਤਾ ਲਈ ਹੈ। ਸਾਂਝੇ ਰੱਬ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਉੱਤੇ ਕਿਸੇ ਇੱਕ ਮਜ਼੍ਹਬ ਦਾ ਅਧਿਕਾਰ ਨਹੀਂ, ਇਹ ਤਾਂ ਪੂਰੀ ਮਨੁੱਖਤਾ ਦੀ ਸਾਂਝੀ ਵਿਰਾਸਤ ਹਨ।

ਇਸੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਅਸੀਂ "ਏਕੋ ਹੈ ਭਾਈ ਏਕੋ ਹੈ" **(All Is One)** ਵੱਲੋਂ ਇੱਕ ਨਿਮਾਣਾ ਜਿਹਾ ਜਤਨ ਕੀਤਾ ਹੈ, ਤਾਂ ਜੋ ਗੁਰਬਾਣੀ ਦੀਆਂ ਇਨ੍ਹਾਂ ਸਿੱਖਿਆਵਾਂ ਦਾ ਵੱਧ ਤੋਂ ਵੱਧ ਪ੍ਰਚਾਰ ਹੋ ਸਕੇ। ਇਹ ਸਿੱਖਿਆਵਾਂ ਨਾ ਸਿਰਫ ਨਿਜੀ ਅਤੇ ਪਰਵਾਰਿਕ ਰਿਸ਼ਤਿਆਂ ਵਿੱਚ ਨਿੱਘ ਪਹੁੰਚਾਉਣ, ਬਲਕਿ ਸਮਾਜ ਵਿੱਚ ਵੀ ਆਪਸੀ ਪਿਆਰ ਅਤੇ ਸਨੇਹ ਦੀ ਰੀਤ ਨੂੰ ਮਜ਼ਬੂਤੀ ਨਾਲ ਕਾਇਮ ਕਰਣ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਗੁਰਬਾਣੀ ਦੀਆਂ ਨਿੱਘ ਭਰੀਆਂ ਸਿੱਖਿਆਵਾਂ ਪਰਿਵਾਰਾਂ, ਦੇਸ਼ਾਂ ਅਤੇ ਕਥਿਤ ਧਰਮਾਂ ਦਰਮਿਆਨ ਦੂਰੀਆਂ ਨੂੰ ਘਟਾ ਸਕਦੀਆਂ ਹਨ।

ਕਿਤਾਬਾਂ ਤੋਂ ਇਲਾਵਾ, ਅਸੀਂ ਇੱਕ ਆਨਲਾਇਨ ਯੂਨੀਵਰਸਿਟੀ ਅਤੇ ਇੱਕ ਗੁਰਬਾਣੀ ਐਪ ਵੀ ਆਪ ਸਭ ਦੀ ਸੇਵਾ ਵਿਚ ਪੇਸ਼ ਕਰਾਂਗੇ, ਜਿਥੇ ਲੋਕ ਆਪਣੀ ਭਾਸ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮਝ ਸਕਣ।



ਮਨਜੀਤ ਸਿੰਘ ਨਰਵਾਲ

# ਮੁੱਖ ਬੰਦ

ਗੁਰਬਾਣੀ ਰੱਬੀ ਗਿਆਨ ਦਾ ਸਾਗਰ ਹੈ। ਇਹ ਧਾਰਮਕ ਪੂਜਾ ਪਾਠ ਲਈ ਨਹੀਂ, ਸਗੋਂ ਪੜ੍ਹ-ਵਿਚਾਰ ਕੇ ਅਪਣੇ ਜੀਵਨ ਨੂੰ ਬਦਲਣ ਲਈ ਹੈ। ਸਾਰੀ ਬਾਣੀ ਕਵਿਤਾ ਰੂਪ 'ਚ ਹੋਣ ਕਰਕੇ ਅੱਖਰੀ ਅਰਥ ਸਾਨੂੰ ਉਲ਼ਝਾ ਦੇਂਦੇ ਹਨ।

ਇਸ ਲਈ ਇਸਨੂੰ ਸਮਝਣ ਦੇ ਉਦੇਸ਼ ਨਾਲ਼ ਇਸ ਕਿਤਾਬ ਵਿੱਚ ਅੱਖਰੀ ਅਰਥਾਂ ਤੋਂ ਗੁਰੇਜ਼ ਕੀਤਾ ਗਿਆ ਹੈ। ਸਾਡੀ ਕੋਸ਼ਿਸ਼ ਹੈ ਕਿ ਘੱਟ ਤੋਂ ਘੱਟ ਲਫਜ਼ਾਂ ਵਿੱਚ ਹਰ ਤੁਕ ਦਾ ਸਰਲ ਭਾਵ ਪੜ੍ਹਣ ਵਾਲ਼ੇ ਅੱਗੇ ਰੱਖੀਏ। ਯਾਦ ਰਹੇ ਕਿ ਕੋਈ ਵੀ ਵਿਅਕਤੀ ਨਾ ਐਸਾ ਹੋਇਆ, ਨਾ ਹੈ, ਅਤੇ ਨਾ ਹੀ ਹੋਇਗਾ ਜੋ ਇਹ ਦਾਅਵਾ ਕਰ ਸੱਕੇ ਕਿ ਉਸ ਵੱਲੋਂ ਕੀਤੇ ਗਏ ਗੁਰਬਾਣੀ ਦੇ ਅਰਥ ਜਾਂ ਭਾਵ, ਆਖਰੀ ਤੇ ਬਿਲਕੁਲ ਠੀਕ ਹਨ। ਸਾਡਾ ਵੀ ਇਹ ਨਿਮਾਣਾ ਜਿਹਾ ਜਤਨ ਹੈ। ਜਿੰਨਾਂ 'ਕੁ ਇਸ ਵੇਲੇ ਸਮਝ ਸੱਕੇ ਹਾਂ, ਆਪ ਜੀ ਅੱਗੇ ਰੱਖ ਰਹੇ ਹਾਂ। ਗੁਰਬਾਣੀ ਨੂੰ ਪੜ੍ਹ ਕੇ ਵਿਚਾਰ ਕਰਕੇ ਅਪਣੇ ਜੀਵਨ 'ਚ ਉਤਾਰੀਏ।



ਭਾਈ ਇੰਦਰਜੀਤ ਸਿੰਘ ਗੋਰਾਇਆ
(ਵਿਆਖਿਆਕਾਰ)

# ਉਦੇਸ਼

ਗੁਰਬਾਣੀ ਵਿੱਚ ਦਰਸਾਈ ਗਈ ਜੀਵਨ-ਜਾਚ ਸਮੁੱਚੀ ਮਨੁੱਖਤਾ ਲਈ ਕਾਰਗਰ ਹੈ, ਕਿਉਂਕਿ ਇਸ ਵਿੱਚ ਦਿੱਤੀਆਂ ਕਦਰਾਂ-ਕੀਮਤਾਂ ਹਰ ਇੱਕ ਮਨੁੱਖ 'ਤੇ ਬਰਾਬਰ ਤੌਰ 'ਤੇ ਲਾਗੂ ਹੁੰਦੀਆਂ ਹਨ। ਇਸ ਵਿੱਚ ਆਈਆਂ ਮਿੱਠੀਆਂ ਗੱਲਾਂ ਸਾਂਝੇ ਤੌਰ 'ਤੇ ਸਾਰਿਆਂ ਲਈ ਖੁੱਲ੍ਹੀ ਜੱਫੀ ਵਾਂਗ ਹੈ। ਗੁਰੂ ਸਾਹਿਬਾਨਾਂ ਵੱਲੋਂ ਦਿੱਤੇ ਇਸ ਕੀਮਤੀ ਸੁਨੇਹੇ ਨੂੰ ਜੋ ਵੀ ਜਿਊਂਦਾ ਹੈ, ਉਹ ਨਿਮਰਤਾ ਭਾਵ ਵਿੱਚ ਸਿਖਿਆਰਥੀ ਦੇ ਰੂਪ ਵਿੱਚ ਆਪਣੇ ਜੀਵਨ ਦੀ ਸੁਧਾਰ ਲਹਿਰ ਨੂੰ ਕਾਮਯਾਬ ਬਣਾਉਣ ਲਈ ਵਿਅਸਤ ਰਹਿੰਦਾ ਹੈ ਅਤੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਮੁਕਾਉਣ ਲਈ ਆਪਣੀ ਆਵਾਜ਼ ਬੁਲੰਦ ਕਰਦਾ ਹੈ।

ਗੁਰਬਾਣੀ ਜੀਵਨ ਜਾਚ ਨੂੰ ਸਾਂਝ ਕਰਨ ਲਈ, ਮਨਜੀਤ ਸਿੰਘ ਨਰਵਾਲ ਜੀ ਨੇ **"ਏਕੋ ਹੈ ਭਾਈ ਏਕੋ ਹੈ" (All Is One)** ਨਾਮਕ ਸੰਸਥਾ ਦੀ ਸਥਾਪਨਾ ਕਰਕੇ ਇੱਕ ਸ਼ਲਾਘਾ ਜੋਗ ਉਪਰਾਲਾ ਕੀਤਾ ਹੈ। ਇਸ ਰਾਹੀਂ ਉਨ੍ਹਾਂ ਨੇ ਗੁਰਬਾਣੀ ਦੇ ਸਰਲ ਅਰਥ ਚੋਣਵੇਂ ਵਿਦਵਾਨਾਂ ਕੋਲੋਂ ਕਰਵਾਉਣ ਦਾ ਬੀੜਾ ਚੁੱਕਿਆ ਹੈ। ਇਹ ਉਪਰਾਲਾ ਗੁਰਬਾਣੀ ਦੇ ਖੋਜੀ ਵਿਦਵਾਨਾਂ ਨੂੰ ਉਤਸ਼ਾਹ ਦੇਣ ਅਤੇ ਉਨ੍ਹਾਂ ਦੇ ਕੌਸ਼ਲ ਨੂੰ ਨਿਖਾਰਨ ਲਈ ਵੀ ਲਾਹੇਵੰਦ ਸਾਬਤ ਹੋ ਰਿਹਾ ਹੈ। ਇਨ੍ਹਾਂ ਉਸਾਰੂ ਕਾਰਜਾਂ ਲਈ ਉਨ੍ਹਾਂ ਨੇ ਆਪਣੇ ਵਪਾਰ ਦੀ ਆਮਦਨ ਦਾ ੨੫% ਹਿੱਸਾ ਗੁਰਬਾਣੀ ਦੇ ਪ੍ਰਚਾਰ ਲਈ ਸਮਰਪਿਤ ਕਰਨ ਦਾ ਨਿਰਣਾ ਲਿਆ ਹੈ। ਇਸ ਉਪਰਾਲੇ ਤਹਿਤ ਜਪੁ, ਸੋ ਦਰੁ, ਸੋਹਿਲਾ ਅਤੇ ਆਨੰਦ ਸਾਹਿਬ, ਸੰਗਤਾਂ ਤਕ ਭੇਟਾ-ਰਹਿਤ ਪਹੁੰਚਾਉਣ ਦਾ ਨਿਮਾਣਾ ਜਿਹਾ ਜਤਨ ਕੀਤਾ ਗਿਆ ਹੈ।

ਅਸੀਂ ਅਰਦਾਸ ਕਰਦੇ ਹਾਂ ਕਿ ਰੱਬ ਸਾਨੂੰ ਸੁਮਤਿ ਬਖ਼ਸ਼ੇ, ਤਾਂ ਜੋ ਅਸੀਂ ਨਿਸ਼ਕਾਮ ਭਾਵਨਾ ਨਾਲ ਗੁਰਬਾਣੀ ਦਾ ਪਿਆਰ ਭਰਿਆ ਸੰਦੇਸ਼ ਘਰ-ਘਰ ਪਹੁੰਚਾ ਸਕੀਏ ਅਤੇ ਉਸਨੂੰ ਆਪਣੇ ਜੀਵਨ ਦਾ ਅਟੁੱਟ ਹਿੱਸਾ ਬਣਾ ਸਕੀਏ।



ਪੁਸ਼ਪਿੰਦਰ ਸਿੰਘ

# ਜ਼ਰੂਰੀ ਬੇਨਤੀ

ਗੁਰਬਾਣੀ ਦੇ ਅਰਥ ਸਮਝਣ ਲਗਿਆਂ ਬਹੁਤ ਜ਼ਰੂਰੀ ਹੈ ਕਿ ਉਚਿਤ ਥਾਂ ਉੱਤੇ ਵਿਸ਼ਰਾਮ ਦਿੱਤਾ ਜਾਵੇ। ਇਹ ਵਿਸ਼ਰਾਮ ਲੰਮੇ ਅਤੇ ਛੋਟੇ ਦੋ ਤਰ੍ਹਾਂ ਦੇ ਹੁੰਦੇ ਹਨ, ਜੋ ਵੱਖ-ਵੱਖ ਰੰਗਾਂ ਰਾਹੀਂ ਇਸ ਪੁਸਤਕ ਵਿੱਚ ਦਰਸਾਏ ਗਏ ਹਨ। ਲੰਮਾ ਵਿਸ਼ਰਾਮ **ਸੰਤਰੀ** (ਨਾਰੰਗੀ) ਰੰਗ ਨਾਲ ਦਰਸਾਇਆ ਗਿਆ ਹੈ ਅਤੇ ਛੋਟਾ ਵਿਸ਼ਰਾਮ **ਹਰੇ** ਰੰਗ ਨਾਲ... ਜਿਵੇਂ ਕਿ,

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥

ਸੋਚੈ ਤੋਂ ਬਾਅਦ ਛੋਟਾ ਵਿਸ਼ਰਾਮ ਦੇ ਕੇ, "**ਸੋਚਿ ਨ ਹੋਵਈ**" ਇਕੱਠਾ ਪੜ੍ਹ ਕੇ ਹੋਵਈ ਤੇ ਲੰਮਾ ਵਿਸ਼ਰਾਮ ਦੇਣਾ ਹੈ। ਫਿਰ "**ਜੇ ਸੋਚੀ ਲਖ ਵਾਰ**" ਇਕੱਠਾ ਪੜ੍ਹਨਾ ਹੈ।

(Source: iGurbani)

ੴ

**ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**

**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਇਸ ਰਚਨਾ ਨੂੰ ਆਮਤੌਰ ਤੇ ਅਸੀਂ 'ਮੂਲ ਮੰਤਰ' ਕਹਿੰਦੇ ਹਾਂ।ਗੁਰਮਤਿ ਵਿਚ 'ਮੰਤਰ' ਕੋਈ ਐਸੇ ਲਫਜ਼ ਨਹੀਂ ਜਿਨ੍ਹਾਂ ਨੂੰ ਬਾਰ-ਬਾਰ ਬੋਲਣ ਨਾਲ਼ ਕੋਈ ਬਾਹਰੀ ਚਮਤਕਾਰ ਹੋਵੇ। ਸਿੱਖ ਮਤ ਵਿਚ 'ਮੰਤਰ' ਗੁਰੂ ਦਾ ਗਿਆਨ ਹੈ। ਸਾਰੀ ਬਾਣੀ ਹੀ ਗੁਰੂ ਦਾ ਮੰਤਰ ਹੈ ਤੇ ਇਸ ਮੰਤਰ ਨੂੰ ਜੀਵਨ ਵਿੱਚ ਉਤਾਰ ਕੇ ਰੱਬੀ ਗੁਣਾਂ ਨੂੰ ਧਾਰਣ ਕਰਕੇ ਰੱਬ ਵਿੱਚ ਇਕ-ਮਿਕ ਹੋਣਾ ਹੈ।

ਸੋ, ਮੂਲ-ਮੰਤਰ ਤੋਂ ਅਸੀਂ ਇਹ ਮੰਨ ਲਈਏ ਕਿ ਇਸ ਰਚਨਾ ਵਿਚ ਗੁਰਮਤ ਦਾ ਮੂਲ ਸਿਧਾਂਤ ਭਾਵ ਗੁਰੂ ਦੇ ਗਿਆਨ ਦੇ ਮੁਢਲੇ ਅਸੂਲ ਹਨ। ਮੂਲ-ਮੰਤਰ ਵਿਚ ਗੁਰੂਜੀ ਸਾਨੂੰ ਓਨ੍ਹਾਂ ਰੱਬੀ ਗੁਣਾਂ ਦਾ ਇਕ ਐਸਾ ਕੀਮਤੀ ਸਿਧਾਂਤ ਦੇਂਦੇ ਹਨ ਜਿਸਦੇ ਮੁੱਖ ਤੌਰ ਤੇ ਤਿੰਨ ਕਾਰਜ ਹਨ-

੧. ਇਨ੍ਹਾਂ ਦੇ ਅਧਾਰ 'ਤੇ ਪਰਮਾਤਮਾ ਦੀ ਪਛਾਣ ਕਰਨਾ

੨. ਕਿਉਂਕਿ ਇਹ ਰੱਬ ਦੇ ਗੁਣ ਨੇ ਤੇ ਉਹ ਸਾਡੇ ਅੰਦਰ ਹੈ, ਇਸ ਲਈ ਇਨਾਂ ਨੂੰ ਜੀਵਨ 'ਚ ਉਤਾਰ ਕੇ ਰੱਬ 'ਚ ਸਮਾਉਣਾ

੩. ਗੁਰਬਾਣੀ ਨੂੰ ਸਮਝਣ ਲਈ ਇਸ ਮੂਲ ਮੰਤਰ ਨੂੰ ਅਧਾਰ/ਪੈਮਾਨਾ ਬਣਾਉਣਾ

ਏਸੇ ਕਰਕੇ ਮੂਲ-ਮੰਤਰ ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ ੫੬੮ ਵਾਰ ਦਰਜ ਹੈ, ਕਿ ਅਸੀਂ ਗੁਰਬਾਣੀ ਨੂੰ ਸਮਝਣ ਵੇਲ਼ੇ ਇਸ ਰਚਨਾ ਦੇ ਹਰ ਗੁਣ ਨੂੰ ਸਾਮ੍ਹਣੇ ਰੱਖੀਏ।

ਜ਼ਰੂਰੀ ਨੋਟ: 'ਮੂਲ-ਮੰਤਰ' ਜਪੁ ਬਾਣੀ ਜਾਂ ਕਿਸੇ ਵੀ ਹੋਰ ਬਾਣੀ ਦਾ ਹਿੱਸਾ ਨਹੀਂ ਹੈ। ਇਹ ਇਕ ਸੁਤੰਤਰ ਰਚਨਾ ਹੈ ਤੇ ਜਿਵੇਂ ਉੱਪਰ ਦੱਸਿਆ ਹੈ ਮੂਲ ਮੰਤਰ ਗੁਰਬਾਣੀ ਦੇ ਹਰ ਸ਼ਬਦ ਨੂੰ ਸਮਝਣ ਦਾ ਪੈਮਾਨਾ ਹੋਣ ਕਰਕੇ ਗੁਰੁ ਸਾਹਿਬ ਨੇ ਬਾਰ ਬਾਰ ਗੁਰੂ ਗ੍ਰੰਥ ਸਾਹਿਬ 'ਚ ਲਿਖਿਆ ਹੈ।

| | |
|---|---|
| ੧ਓ | ਇਕ ਪਰਮਾਤਮਾ ਜੋ ਸਾਰਿਆਂ ਵਿੱਚ ਇਕਸਾਰ ਮੌਜੂਦ ਹੈ। ਸਾਰਿਆਂ ਵਿੱਚ ਇਕ ਓਹੀ ਹੈ, ਤੇ ਸਾਰੇ ਓਸੇ ਵਿੱਚ ਨੇ। ਉਹ ਕਿਸੇ ਇੱਕ ਵਿਸ਼ੇਸ਼ ਸ਼ਰੀਰ, ਥਾਂ ਜਾਂ ਸਮੇਂ ਵਿੱਚ ਨਹੀਂ। ਹਰ ਥਾਂ, ਹਰ ਸਮੇਂ, ਸਭ ਵਿੱਚ ਇੱਕ ਪਰਮਾਤਮਾ ਹੀ ਹੈ। |
| ਸਤਿ ਨਾਮੁ | ਉਸਦੀ ਸਦੀਵੀ ਹੋਂਦ ਹੀ ਉਸਦੀ ਪਹਿਲੀ ਪਛਾਣ ਹੈ। ਉਹ ਸਦਾ ਹੈ। ਉਹ ਜੀਵਨ ਰੂਪ ਹੈ। ਸਾਡੇ ਅੰਦਰ ਜੀਵਨ ਉਸਦੀ ਹੋਂਦ ਦਾ ਹੀ ਗੁਣ/ਪਛਾਣ ਹੈ |
| ਕਰਤਾ ਪੁਰਖੁ | ਉਹ ਸਭ ਕੁਝ ਬਣਾਉਣ ਵਾਲ਼ਾ ਹੈ। ਤੇ ਫਿਰ ਅਪਣੀ ਰਚਨਾ ਵਿੱਚ ਆਪ ਵੱਸਦਾ ਹੈ। ਹਰ ਜੀਵ ਵਿੱਚ ਕਰਨ/ਰਚਣ ਦੀ ਸ਼ਕਤੀ ਉਸਦਾ ਹੀ ਗੁਣ ਹੈ। |
| ਨਿਰਭਉ | ਉਹ ਕਿਸੇ ਤੋਂ ਡਰ/ਭੈ ਨਹੀਂ ਖਾਂਦਾ, ਨਾ ਹੀ ਡਰਾਉਂਦਾ ਹੈ। |
| ਨਿਰਵੈਰੁ | ਉਹ ਕਿਸੇ ਨਾ਼ਲ ਵੈਰ ਨਹੀਂ ਰੱਖਦਾ। ਨਾ ਕਿਸੇ ਨਾ਼ਲ ਦੁਸ਼ਮਣੀ ਕੱਢਦਾ ਹੈ, ਨਾ ਹੀ ਕਿਸੇ ਖਿਲਾਫ ਕਿਸੇ ਦਾ ਪੱਖ ਪੂਰਦਾ ਹੈ। |
| ਅਕਾਲ ਮੂਰਤਿ | ਉਹ ਸਮੇਂ ਦੇ ਅਧੀਨ ਨਹੀਂ। ਕਦੀ ਘੱਟ ਜਾਂ ਕਦੀ ਵੱਧ ਨਹੀਂ ਹੁੰਦਾ। ਭੌਤਕ ਚੀਜ਼ਾਂ ਵਾਂਗ ਸਮੇਂ ਨਾ਼ਲ ਬਦਲਦਾ ਜਾਂ ਖਤਮ ਨਹੀਂ ਹੁੰਦਾ। |
| ਅਜੂਨੀ | ਉਹ ਜੰਮਦਾ ਨਹੀਂ। ਉਹ ਅਵਤਾਰ ਧਾਰਣ ਨਹੀਂ ਕਰਦਾ। ਉਸਦਾ ਕੋਈ ਮਾਂ-ਬਾਪ ਨਹੀਂ। ਉਹ ਕੋਈ ਵਿਅਕਤੀ ਨਹੀਂ। |
| ਸੈਭੰ | ਉਹ ਕਿਸੇ ਹੋਰ ਦਾ ਬਣਾਇਆ ਹੋਇਆ ਨਹੀਂ, ਉਸਨੂੰ ਕਿਸੇ ਦੇ ਸਹਾਰੇ ਦੀ ਲੋੜ ਨਹੀਂ।ਉਹ ਅਪਣੇ ਆਪ ਤੋਂ ਹੈ। |
| ਗੁਰ ਪ੍ਰਸਾਦਿ | ਸਿਰਫ ਗੁਰੁ/ਗਿਆਨ ਦੀ ਕਿਰਪਾ ਨਾ਼ਲ ਇਹਨਾਂ ਗੁਣਾਂ ਦੇ ਜਰੀਏ ਉਸ ਰੱਬ ਨੂੰ ਜਾਣਿਆ/ਮਿਲ਼ਿਆ ਜਾਂਦਾ ਹੈ। |

# ॥ ਜਪੁ ॥

'ਜਪ' ਇਸ ਬਾਣੀ ਦਾ ਨਾਮ ਹੈ ਜੋ ਇਸ ਤੋਂ ਅੱਗੇ ਸ਼ੁਰੂ ਹੁੰਦੀ ਹੈ। ਜਪ ਦਾ ਅਰਥ ਹੈ ਜੋ ਇਸ ਬਾਣੀ ਵਿੱਚ ਗਿਆਨ ਹੈ ਉਸਨੂੰ ਧਿਆਨ 'ਚ ਰੱਖਣਾ ਤੇ ਮਨ 'ਚ ਵਸਾ ਕੇ ਅਮਲ ਵਿੱਚ ਲਿਆਉਣਾ।

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਇਹ ਬਾਣੀ 'ਜਪੁ' ਦਾ ਪਹਿਲਾ ਸ਼ਲੋਕ ਹੈ। ਇਸ ਬਾਣੀ ਵਿਚ ਦੋ ਸਲੋਕ ਨੇ, ਇਕ ਸੁਰੂ ਵਿਚ ਤੇ ਇਕ ਅਖੀਰ ਵਿਚ। ਦੋਹਾਂ ਸ਼ਲੋਕਾਂ ਦੇ ਦਰਮਿਆਨ ੩੮ ਪਉੜੀਆਂ ਨੇ। ਇਸ ਪਹਿਲੇ ਸ਼ਲੋਕ ਦਾ ਭਾਵ ਇਹ ਹੈ – ਸ਼ੁਰੂ/ਮੁੱਢ ਤੋਂ ਹੁਣ ਤੱਕ ਪਰਮਾਤਮਾ ਸਾਡੇ ਨਾਲ਼ – ਅੰਦਰ ਬਾਹਰ ਹਰ ਥਾਂ – ਹੈ, ਹੁਣ ਵੀ ਸਦਾ ਨਾਲ਼ ਹੈ ਤੇ ਅੱਗੇ ਵੀ ਸਦਾ ਨਾਲ਼ ਰਹੇਗਾ।

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥**

ਬਾਹਰੋਂ ਸ਼ਰੀਰ ਨੂੰ ਤੀਰਥਾਂ ਦੇ ਪਾਣੀ ਨਾਲ਼ ਲੱਖ ਵਾਰ ਵੀ ਧੋ ਲਈਏ, ਅਸੀਂ ਸੁੱਚੇ ਨਹੀਂ ਹੋ ਸਕਦੇ ਕਿਉਂਕਿ ਮਨ ਦੀ ਮੈਲ਼ ਬਾਹਰੀ ਇਸ਼ਨਾਨ ਨਾਲ਼ ਨਹੀਂ ਉਤਰਦੀ

**ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥**

ਜਿੰਨਾਂ ਮਰਜ਼ੀ ਚੁੱਪ ਹੋ ਕੇ ਲਿਵ ਜੋੜਨ ਦੀ ਕੋਸ਼ਿਸ਼ ਕਰੀਏ ਪਰ ਸਾਡੇ ਮਨ ਦਾ ਸ਼ੋਰ ਬਾਹਰੋਂ ਚੁੱਪ ਹੋਣ ਤੇ ਵੀ ਨਹੀਂ ਹਟਦਾ

**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥**

ਦੁਨੀਆ ਭਰ ਦੇ ਪਦਾਰਥਾਂ ਦੀਆਂ ਪੰਡਾਂ ਮਿਲ਼ ਜਾਣ ਤਾਂ ਵੀ ਇਸ ਮਨ ਦੀ ਭੁੱਖ ਇਨ੍ਹਾਂ ਬਾਹਰੀ ਚੀਜ਼ਾਂ ਨਾਲ਼ ਨਹੀਂ ਮੁੱਕਦੀ

**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥**

ਅੰਦਰੋਂ ਪਵਿੱਤਰ ਹੋਣ ਦੇ ਰਾਹ ਵਿੱਚ ਇਹ ਹਜ਼ਾਰਾਂ ਬਾਹਰੀ ਚਲਾਕੀਆਂ/ਸਿਆਣਪਾਂ ਕਿਸੇ ਕੰਮ ਨਹੀਂ ਆਉਂਦੀਆਂ

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥**

ਫਿਰ ਕਿਵੇਂ ਮਨ ਕਰਕੇ ਪਵਿੱਤਰ ਹੋਇਆ ਜਾ ਸਕਦਾ ਹੈ? ਕਿਵੇਂ ਇਸ ਮਨ ਵਿੱਚੋਂ ਵਿਕਾਰਾਂ ਦੀ ਮੈਲ਼ ਮੁੱਕੇ?

**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥**

ਜੋ ਸਦਾ ਸਾਡੇ ਨਾਲ਼ ਹੈ ਉਸ ਅੰਦਰ ਬੈਠੇ ਪਰਮਾਤਮਾ ਦੇ ਹੁਕਮ ਨੂੰ ਮੰਨ ਕੇ ਜੀਵਨ ਜੀਵੀਏ ਤਾਂ ਮਨ ਕਰਕੇ ਸਚਿਆਰ/ਪਵਿੱਤਰ ਹੋਈਦਾ ਹੈ

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥**

ਅੰਦਰ ਬੈਠੇ ਪ੍ਰਭੂ ਦੇ ਹੁਕਮ ਨੂੰ ਮੰਨੀਏ ਤਾਂ ਇਸ ਜੀਵਨ ਨੂੰ ਨਵਾਂ ਅਕਾਰ/ਨਵੀਂ ਦਿਸ਼ਾ ਦੇ ਸਕਦੇ ਹਾਂ; ਉਸ ਰੱਬੀ ਹੁਕਮ ਦੀ ਤਾਕਤ/ਸੁੰਦਰਤਾ ਲਫਜ਼ਾਂ ਵਿੱਚ ਬਿਆਨ ਨਹੀਂ ਹੋ ਸਕਦੀ

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**

ਰੱਬੀ ਹੁਕਮ ਨੂੰ ਮੰਨੀਏ ਤਾਂ ਅੰਦਰੋਂ ਇਕ ਨਵਾਂ ਜੀਵਨ ਮਿਲ਼ਦਾ ਹੈ; ਇਸ ਹੁਕਮ ਨੂੰ ਮੰਨ ਕੇ ਰੱਬੀ ਗੁਣ/ਵਡਿਆਈਆਂ ਮਿਲ਼ਦੇ ਹਨ

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**

ਅੰਦਰ ਵੱਸਦੇ ਪ੍ਰਭੂ ਦੇ ਹੁਕਮ ਵਿੱਚ ਜੀਉਣ ਵਾਲ਼ੇ ਉੱਤਮ ਹੋ ਕੇ ਸੁਖ ਲੈਂਦੇ ਨੇ; ਹੁਕਮ ਨੂੰ ਨਾ ਮੰਨ ਕੇ ਅਸੀਂ ਨੀਚ ਤੇ ਦੁਖੀ ਹੁੰਦੇ ਹਾਂ

**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥**

ਜੋ ਉਸ ਰੱਬੀ ਹੁਕਮ 'ਚ ਜੀਉਂਦੇ ਨੇ ਉਨ੍ਹਾ ਅੰਦਰ ਹਰ ਵੇਲ਼ੇ ਕਿਰਪਾ ਵਰਸਦੀ ਹੈ; ਉਸ ਹੁਕਮ 'ਚ ਨਾ ਆਉਣ ਵਾਲ਼ਿਆਂ ਅੰਦਰ ਸਦਾ ਭਟਕਣਾ ਪਈ ਰਹਿੰਦੀ ਹੈ

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**

ਅੰਦਰ ਵੱਸਦੇ ਪਰਮਾਤਮਾ ਦੇ ਹੁਕਮ ਨੂੰ ਮੰਨਣ 'ਚ ਹੀ ਸਭ ਕੁਝ ਹੈ; ਉਸ ਤੋਂ ਬਾਹਰੇ ਹੋ ਕੇ ਕੁਝ ਵੀ ਨਹੀਂ

## ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਜੇਕਰ ਅਸੀਂ ਅੰਦਰ ਵੱਸਦੇ ਪਰਮਾਤਮਾ ਦੇ ਹੁਕਮ ਨੂੰ ਸਮਝ/ਮੰਨ ਲਈਏ ਤਾਂ ਸਾਡਾ ਮਨ "ਮੈਂ-ਮੈਂ" ਕਰਨਾ ਛੱਡ ਦੇਵੇਗਾ

## ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥

ਕੋਈ ਵਿਰਲਾ (ਰੱਬੀ ਹੁਕਮ ਨੂੰ ਮੰਨਣ ਵਾਲ਼ਾ) ਉਸ ਅੰਦਰਲੀ ਅਵਾਜ਼ ਤੋਂ ਤਾਣ/ਤਾਕਤ ਲੈ ਕੇ ਉਸ ਹੁਕਮ ਦੀ ਸ਼ਕਤੀ ਨੂੰ ਗਾਉਂਦਾ (ਜੀਵਨ 'ਚ ਉਤਾਰਦਾ) ਹੈ

## ਗਾਵੈ ਕੋ ਦਾਤਿ ਜਾਣੈ ਨੀਸਾਣੁ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਰੱਬੀ ਗਿਆਨ 'ਚੋਂ ਮਿਲ਼ਦੀਆਂ ਦਾਤਾਂ/ਗਿਆਨ ਨੂੰ ਗਾ ਕੇ (ਦ੍ਰਿੜ ਕਰਕੇ) ਸਚਿਆਰ ਹੋਣ ਨੂੰ ਅਪਣੇ ਜੀਵਨ ਦਾ ਨਿਸ਼ਾਨ/ਮੰਜ਼ਲ ਜਾਣ ਲੈਂਦਾ ਹੈ

## ਗਾਵੈ ਕੋ ਗੁਣ ਵਡਿਆਈਆ ਚਾਰ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਵਿਰਲਾ ਮਨ ਗੁਣਾਂ ਨੂੰ ਦ੍ਰਿੜ ਕਰਕੇ ਅਪਣੇ ਆਚਰਣ ਨੂੰ ਨਿਖਾਰਨ ਦੀ ਵਡਿਆਈ ਮਾਣਦਾ ਹੈ

## ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥

ਹੁਕਮ ਨੂੰ ਮੰਨਣ ਵਾਲ਼ਾ ਪ੍ਰਭੂ ਨੂੰ ਮਿਲਣ ਵਾਲ਼ੀ ਉਸ ਸਮਝ ਨੂੰ ਗਾਉਂਦਾ (ਜੀਵਨ 'ਚ ਉਤਰਦਾ) ਹੈ ਜਿਸਨੂੰ ਲੋਕ ਬਹੁਤ ਔਖਾ ਕਹਿੰਦੇ ਨੇ

## ਗਾਵੈ ਕੋ ਸਾਜਿ ਕਰੇ ਤਨੁ ਖੇਹ ॥

ਰੱਬੀ ਹੁਕਮ ਨੂੰ ਦ੍ਰਿੜ ਕਰਨ (ਜੀਵਨ 'ਚ ਉਤਾਰਨ) ਵਾਲ਼ੇ ਅਪਣੇ ਅੰਦਰ ਸੋਹਣੇ/ਪਵਿੱਤਰ ਮਨ ਨੂੰ ਸਾਜਦੇ/ਘੜਦੇ ਨੇ, ਤੇ ਮੈਲ਼ੇ/ਕੂੜਿਆਰ ਮਨ ਨੂੰ ਖੇਹ/ਖਤਮ ਕਰਦੇ ਨੇ

## ਗਾਵੈ ਕੋ ਜੀਅ ਲੈ ਫਿਰਿ ਦੇਹ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਗਿਆਨ ਗੁਰੂ ਤੋਂ ਸਚਿਆਰ ਜੀਵਨ ਦੀ ਸਮਝ ਲੈ ਕੇ ਅਪਣੀ ਸੁਰਤ-ਮੱਤ-ਮਨ ਨੂੰ ਦੇਂਦਾ ਹੈ

## ਗਾਵੈ **ਕੋ** ਜਾਪੈ ਦਿਸੈ ਦੂਰਿ ॥

ਜੋ ਪਰਮਾਤਮਾ ਦੂਰ ਦਿੱਸਦਾ ਸੀ, ਰੱਬੀ ਹੁਕਮ ਨੂੰ ਦ੍ਰਿੜ ਕਰਨ ਵਾਲ਼ਾ ਮਨ ਉਸ ਰੱਬ ਦਾ ਜਾਪ/ਅਹਿਸਾਸ ਅਪਣੇ ਅੰਦਰ ਹੀ ਕਰ ਲੈਂਦਾ ਹੈ

## ਗਾਵੈ **ਕੋ** ਵੇਖੈ ਹਾਦਰਾ ਹਦੂਰਿ ॥

ਜੋ ਕੋਈ ਪਰਮਾਤਮਾ ਦੇ ਹੁਕਮ ਨੂੰ ਜੀਵਨ 'ਚ ਉਤਾਰਦਾ ਹੈ ਉਹ ਪ੍ਰਭੂ ਨੂੰ ਸਦਾ ਅਪਣੇ ਨੇੜੇ ਸੁਣਦਾ-ਵੇਖਦਾ ਹੈ

## ਕਥਨਾ **ਕਥੀ** ਨ ਆਵੈ ਤੋਟਿ ॥

ਹੁਕਮ ਨੂੰ ਮੰਨਣ, ਲਗਾਤਾਰ ਦ੍ਰਿੜ੍ਹ ਕਰਣ ਨਾਲ਼ ਉਨ੍ਹਾਂ ਦੇ ਅੰਦਰ ਕੋਈ ਤੋਟ/ਕਮੀ ਨਹੀਂ ਰਹਿੰਦੀ

## ਕਥਿ ਕਥਿ **ਕਥੀ** ਕੋਟੀ ਕੋਟਿ ਕੋਟਿ ॥

ਜਿਵੇਂ ਜਿਵੇਂ ਹੁਕਮ ਨੂੰ ਮੰਨ ਕੇ ਦ੍ਰਿੜ੍ਹ ਕਰੀ ਜਾਂਦੇ ਨੇ ਤਿਵੇਂ ਤਿਵੇਂ ਉਨਾਂ ਅੰਦਰ ਕਰੋੜਾਂ ਗੁਣ ਵਧਦੇ ਜਾਂਦੇ ਹਨ

## ਦੇਦਾ **ਦੇ** ਲੈਦੇ ਥਕਿ ਪਾਹਿ ॥

ਅੰਦਰ ਬੈਠਾ ਪ੍ਰਭੂ ਸਚਿਆਰ/ਸੋਹਣੇ ਜੀਵਨ ਲਈ ਲਗਾਤਾਰ ਗਿਆਨ ਦੇ ਰਿਹਾ ਹੈ, ਤੇ ਜੋ ਉਸਨੂੰ ਲੈਕੇ ਮੰਨ ਰਹੇ ਨੇ ਉਨ੍ਹਾਂ ਦਾ ਮਨ ਭਟਕਣਾ ਛੱਡ ਕੇ ਟਿਕ ਜਾਂਦਾ ਹੈ

## ਜੁਗਾ **ਜੁਗੰਤਰਿ** ਖਾਹੀ ਖਾਹਿ ॥

ਐਸਾ ਮਨ ਅਪਣੇ ਅੰਦਰ ਕੂੜ ਤੋਂ ਸਚਿਆਰ/ਸੁੱਚਤਾ ਵੱਲ ਦਾ ਬਦਲਾਅ ਰੱਬੀ ਗਿਆਨ ਨੂੰ ਵਿਚਾਰ-ਵਿਚਾਰ ਕੇ ਕਰੀ ਜਾਂਦਾ ਹੈ

## ਹੁਕਮੀ **ਹੁਕਮੁ** ਚਲਾਏ ਰਾਹੁ ॥

ਜਦ ਅਸੀਂ ਅਪਣੇ ਅੰਦਰ ਵੱਸਦੇ ਰੱਬ ਦੇ ਹੁਕਮ ਅਨੁਸਾਰ ਅਪਣੇ ਮਨ ਨੂੰ ਰਾਹ ਪਾਉਂਦੇ ਹਾਂ

**ਨਾਨਕ ਵਿਗਸੈ ਵੇਪਰਵਾਹੁ ॥੩॥**

ਫਿਰ ਸਾਡਾ ਮਨ ਸਾਰੇ ਡਰ-ਫਿਕਰ-ਚਿੰਤਾ ਛੱਡ ਕੇ ਅਨੰਦ/ਖੇੜੇ 'ਚ ਰਹਿੰਦਾ ਹੈ

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥**

ਸਦਾ ਸਾਨੂੰ ਵਡਿਆਈਆਂ ਦੇਣ ਵਾਲ਼ਾ ਮਾਲਕ ਪ੍ਰਭੂ ਸਾਨੂੰ ਹਮੇਸ਼ਾ ਪਿਆਰ ਨਾਲ਼ ਸਮਝਾਉਂਦਾ ਹੈ

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥**

ਜਦੋਂ ਵੀਂ ਅਸੀਂ ਉਸ ਤੋਂ ਕੋਈ ਰਾਹ/ਹੱਲ ਪੁਛਦੇ/ਮੰਗਦੇ ਹਾਂ ਉਹ ਦਾਤਾ ਸਮਝ/ਗੁਣਾਂ ਦੀ ਦਾਤ ਦੇਂਦਾ ਹੈ

**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥**

(ਇਸ ਲਈ) ਅਪਣੇ ਮਨ ਨੂੰ (ਕੂੜ/ਵਿਕਾਰਾਂ ਤੋਂ) ਫੇਰ ਕੇ ਪ੍ਰਭੂ ਵੱਲ ਇੰਞ ਲਗਾਈਏ ਕਿ ਅਪਣੇ ਅੰਦਰ ਪ੍ਰਭੂ ਦਾ ਦਰਬਾਰ ਦਿੱਸਦਾ ਰਹੇ

**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥**

ਅਪਣੇ ਮਨ ਨਾਲ਼ (ਗੁਰੂ ਦੇ ਗਿਆਨ ਰਾਹੀਂ) ਐਸੀ ਸਾਂਝ (ਬੋਲਚਾਲ) ਪਾਈਏ ਕਿ ਜਿਨ੍ਹਾਂ ਨੂੰ ਸੁਣ/ਮੰਨ ਕੇ ਸਾਡਾ ਮਨ ਉਸ ਪ੍ਰਭੂ ਨਾਲ਼ ਪਿਆਰ ਪਾ ਲਵੇ

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

ਸੱਚੇ ਰੱਬੀ ਗੁਣਾਂ ਨੂੰ ਵਿਚਾਰ/ਅਮਲ਼ 'ਚ ਲਿਆ ਕੇ ਮਿਲ਼ੀਆਂ ਵਡਿਆਈਆਂ ਨਾਲ਼ ਅਪਣੇ ਜੀਵਨ ਦੇ ਇਸ ਵੇਲ਼ੇ ਨੂੰ ਅੰਮ੍ਰਿਤ ਬਣਾਈਏ (ਅੰਮ੍ਰਿਤ: ਨਾ ਮਰਨ ਵਾਲ਼ਾ; ਵਿਕਾਰਾਂ ਵਾਲ਼ੀ ਆਤਮਿਕ ਮੌਤ ਤੋਂ ਛੁਟਕਾਰਾ)

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

ਜਿਨ੍ਹਾਂ ਗੁਣਾਂ ਦੀ ਕਿਰਪਾ ਨਾਲ਼ ਸੱਚੀ ਪੱਤ ਤੇ (ਕੂੜ/ਅੰਦਰਲੀ ਮੈਲ਼) ਤੋਂ ਮੁਕਤੀ ਮਿਲ਼ਦੀ ਹੈ

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥**

ਤੇ ਇੰਝ ਕਰਕੇ ਹੀ ਸਾਡੇ ਮਨ ਦੇ ਅੰਦਰ ਸਭ ਕੁਝ (ਪਰਮਾਤਮਾ ਵਰਗਾ) ਸਚਿਆਰ ਹੁੰਦਾ ਜਾਂਦਾ ਹੈ

**ਥਾਪਿਆ ਨ ਜਾਇ ਕੀਤਾ ਨ ਹੋਇ ॥**

ਕਿਸੇ ਦੇ ਥਾਪਣ ਜਾਂ ਕਰਣ ਨਾਲ਼ ਅਸੀਂ ਸਚਿਆਰ ਨਹੀਂ ਹੋ ਸਕਦੇ

**ਆਪੇ ਆਪਿ ਨਿਰੰਜਨੁ ਸੋਇ ॥**

ਇਹ ਤਾਂ ਅਪਣੇ ਆਪ ਨੂੰ (ਰੱਬੀ ਹੁਕਮ 'ਚ ਲਿਆ ਕੇ) ਅਸੀਂ ਅੰਦਰੋਂ ਨਿਰੰਜਨ (ਮੈਲ਼ ਤੋਂ ਮੁਕਤ) ਹੁੰਦੇ ਹਾਂ

**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**

ਜੋ ਅਪਣੇ ਅੰਦਰ ਵੱਸਦੇ ਹੁਕਮੀ ਪ੍ਰਭੂ ਦੀ ਸੇਵਾ (ਹੁਕਮ ਨੂੰ ਮੰਨਣਾ) ਕਰ ਲੈਂਦੇ ਨੇ ਉਹ (ਸਚਿਆਰ ਹੋਣ ਦਾ) ਮਾਣ ਪ੍ਰਾਪਤ ਕਰ ਲੈਂਦੇ ਨੇ

**ਨਾਨਕ ਗਾਵੀਐ ਗੁਣੀ ਨਿਧਾਨੁ ॥**

ਇਉਂ ਸਾਡਾ ਜੀਵਨ ਰੱਬੀ ਗੁਣਾਂ ਦਾ ਖਜ਼ਾਨਾ ਪ੍ਰਾਪਤ ਕਰਨ ਲਈ ਗਾਉਂਦਾ/ਯਤਨਸ਼ੀਲ ਹੁੰਦਾ ਹੈ

**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

ਜਿਵੇਂ ਜਿਵੇਂ ਅਸੀਂ (ਰੱਬੀ ਗਿਆਨ ਰਾਹੀਂ) ਗੁਣਾਂ ਨੂੰ ਗਾਉਂਦੇ-ਸੁਣਦੇ (ਜੀਵਨ 'ਚ ਢਾਲ਼ਦੇ) ਹਾਂ, ਸਾਡੇ ਮਨ ਅੰਦਰ ਇਨ੍ਹਾਂ ਗੁਣਾਂ ਨਾਲ਼ ਪਿਆਰ ਪੈਂਦਾ ਜਾਂਦਾ ਹੈ

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥**

ਸਾਡੇ ਅੰਦਰੋਂ (ਵਿਕਾਰਾਂ ਦੀ ਮੈਲ਼ ਨਾਲ਼ ਆਏ) ਦੁੱਖ ਖਤਮ ਹੁੰਦੇ ਜਾਂਦੇ ਨੇ, ਤੇ (ਸਬਰ-ਸੰਤੋਖ ਵਰਗੇ ਗੁਣਾਂ ਕਰਕੇ) ਸੁਖ-ਸ਼ਾਂਤੀ ਬਣਦੀ ਜਾਂਦੀ ਹੈ

ੴ

**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥**

ਉਸ ਰੱਬੀ ਗੁਰੂ ਗਿਆਨ ਦੀ ਅਵਾਜ਼/ਮਾਰਗਦਰਸ਼ਨ, ਉਸਦਾ ਗਿਆਨ ਦ੍ਰਿੜ ਕਰਕੇ ਅਸੀਂ ਉਸੇ 'ਚ ਸਮਾਉਂਦੇ ਜਾਂਦੇ ਹਾਂ

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥**

ਸਾਡੇ ਅੰਦਰ ਸਾਨੂੰ ਰਾਹ ਦੱਸਣ ਵਾਲ਼ੀ ਗੁਰੂ ਦੀ ਰੱਬੀ ਅਵਾਜ਼ ਹੀ ਸਾਨੂੰ ਅੰਦਰੋਂ ਪਾਲ਼ਦੀ ਹੈ, ਵਿਕਾਰਾਂ ਤੋਂ ਸਾਡੀ ਕਰਮਾਂ ਦੀ ਧਰਤੀ ਦੀ ਰੱਖਿਆ ਕਰਦੀ ਹੈ, ਸਾਡੇ ਅੰਦਰ ਸੋਹਣੇ ਜੀਵਨ ਦੀ ਰਚਨਾ ਕਰਦੀ ਹੈ, ਤੇ ਸਾਨੂੰ ਵਿਕਾਰਾਂ ਤੋਂ ਪਾਰ ਕਰਨ ਵਾਲੀ ਮੱਤ/ਮਾਂ ਬਣਦੀ ਹੈ

**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥**

ਜੇਕਰ ਅਸੀਂ ਇਹ ਜਾਣੀਏ/ਸੋਚੀਏ ਕਿ ਹਉਮੈ (ਮਨ ਦੀ ਮੱਤ) ਨਾਲ਼ ਵਿਕਾਰਾਂ ਤੋਂ ਛੁੱਟ ਜਾਵਾਂਗੇ ਤਾਂ ਜਾਣੋ ਕਿ 'ਮੈਂ' ਵਾਲੀ ਮੱਤ ਨਾਲ਼ ਅਸੀਂ ਵਿਕਾਰਾਂ ਤੋਂ ਪਾਰ ਨਹੀਂ ਜਾ ਸਕਦੇ

**ਗੁਰਾ ਇਕ ਦੇਹਿ ਬੁਝਾਈ ॥**

ਇਸ ਲਈ ਗੁਰੂ ਜੀ ਮੈਨੂੰ ਇਕ ਐਸੀ ਸਮਝ ਦੇ ਦਵੋ

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

ਕਿ ਮੇਰੇ ਬਾਹਰਲੇ ਤੇ ਅੰਦਰਲੇ ਸਾਰੇ ਪਸਾਰੇ (ਜੀਆਂ) ਨੂੰ ਗੁਣਾਂ ਦੀਆਂ ਦਾਤਾਂ ਦੇਣ ਵਾਲ਼ੇ ਪਰਮਾਤਮਾ (ਰੱਬੀ ਹੁਕਮ) ਨੂੰ ਸਦਾ ਯਾਦ ਰੱਖਾਂ (ਸਿਰ ਮੱਥੇ ਮੰਨ ਕੇ ਅਮਲ ਕਰਾਂ)

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥**

ਜੇਕਰ ਅਸੀਂ ਉਹ ਕਰਦੇ ਹਾਂ ਜੋ ਅੰਦਰਲੇ ਪ੍ਰਭੂ ਨੂੰ ਭਾਉਂਦਾ ਹੈ, ਤਾਂ ਏਹੋ ਤੀਰਥ ਇਸ਼ਨਾਨ ਹੈ। ਜੇ ਉਸਦੇ ਭਾਣੇ ਵਿੱਚ ਨਹੀਂ ਤਾਂ ਤੀਰਥਾਂ 'ਤੇ ਨਹਾ ਕੇ ਕੀ ਲੈ ਲਵਾਂਗੇ?

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥**

ਜੋ ਸੁੰਦਰ ਗੁਣਾਂ ਵਾਲੇ ਜੀਵਨ (ਸਚਿਆਰ) ਦਾ ਸੰਸਾਰ/ਸ੍ਰਿਸ਼ਟੀ ਅਸੀਂ ਅਪਣੇ ਅੰਦਰ ਲੱਭ ਰਹੇ ਹਾਂ, ਉਹ ਰੱਬੀ ਹੁਕਮ ਨੂੰ ਕਮਾਏ/ਮੰਨੇ ਬਿਨਾਂ ਨਹੀਂ ਮਿਲ਼ਦਾ

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥**

ਜੇ ਇਕ ਗੁਰੂ/ਪ੍ਰਭੂ ਦੀ ਸਿੱਖਿਆ ਨੂੰ ਸੁਣ/ਮੰਨ ਲਈਏ ਤਾਂ ਸਾਡੀ ਮੱਤ ਬੇਸ਼ਕੀਮਤੀ ਰੱਬੀ ਗੁਣਾਂ ਨਾਲ਼ ਭਰ ਜਾਂਦੀ ਹੈ

**ਗੁਰਾ ਇਕ ਦੇਹਿ ਬੁਝਾਈ ॥**

ਇਸ ਲਈ ਗੁਰੂ ਜੀ ਮੈਨੂੰ ਇਕ ਐਸੀ ਸਮਝ ਦੇ ਦਵੋ

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥**

ਕਿ ਮੇਰੇ ਬਾਹਰਲੇ ਤੇ ਅੰਦਰਲੇ ਸਾਰੇ ਪਸਾਰੇ (ਜੀਆਂ) ਨੂੰ ਗੁਣਾਂ ਦੀਆਂ ਦਾਤਾਂ ਦੇਣ ਵਾਲ਼ੇ ਪਰਮਾਤਮਾ (ਰੱਬੀ ਹੁਕਮ) ਨੂੰ ਸਦਾ ਯਾਦ ਰੱਖਾਂ (ਸਿਰ ਮੱਥੇ ਮੰਨ ਕੇ ਅਮਲ ਕਰਾਂ)

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**

ਜੇ ਅਸੀਂ ਅਪਣੇ ਮਨ ਦੇ ਹਰ ਜੁਗ/ਅਵਸਥਾ ਦੀ ਆਰਜਾ/ਸਮੇਂ ਨੂੰ ਗੁਰੂ ਗਿਆਨ ਨਾਲ਼ ਸਵਾਰੀਏ ਤਾਂ ਕਈ ਗੁਣਾਂ ਸੁਹੱਪਣ ਅੰਦਰ ਹੁੰਦਾ ਜਾਵੇਗਾ

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**

ਜੇਕਰ ਅਪਣੇ ਅੰਦਰ ਦੇ ਹਰ ਹਿੱਸੇ (ਸੁਰਤ, ਮੱਤ, ਮਨ) ਵਿੱਚ ਰੱਬੀ ਗਿਆਨ ਨੂੰ ਜਾਣ ਲਈਏ ਤਾਂ ਇਹ ਸਾਰੇ -ਸੁਰਤ, ਮੱਤ, ਮਨ- (ਸਚਿਆਰ ਹੋਣ ਦੇ ਸਫਰ ਵਿੱਚ) ਸਾਡੇ ਨਾਲ਼ ਤੁਰਨਗੇ

**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥**

ਜੇਕਰ ਰੱਬੀ ਹੁਕਮ 'ਚ ਜੀਉਣ ਦਾ ਇਹ ਚੰਗਾ ਨਾਮ/ਗੁਣ ਅਸੀਂ ਹਿਰਦੇ 'ਚ ਰੱਖ/ਟਿਕਾ ਲਈਏ ਤਾਂ (ਅਪਣੇ ਅੰਦਰਲੇ) ਸੰਸਾਰ ਵਿੱਚ ਸੱਚਾ ਜੱਸ/ਮਾਣ ਲੈ ਲਵਾਂਗੇ

**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥**

ਪਰ ਜੇ ਸਾਡੀ ਨਜ਼ਰ/ਧਿਆਨ ਹੀ ਇਸ ਪਾਸੇ ਨਹੀਂ ਆਉਂਦਾ ਤਾਂ ਅਸੀਂ ਅਪਣੇ ਅੰਦਰ ਬੈਠੇ ਪ੍ਰਭੂ/ਗੁਰੂ ਨੂੰ ਸਚਿਆਰ ਬਣਨ ਦੀ ਰਾਹ/ਬਾਤ ਹੀ ਨਹੀਂ ਪੁੱਛਾਗੇ

**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥**

ਤੇ ਇੰਜ ਅੰਦਰੋਂ ਖੁਦ ਨੂੰ ਨਿੱਤ ਹੋਰ ਨੀਵਾਂ ਕਰਨ ਦਾ ਦੋਸ਼ ਸਾਨੂੰ ਅਪਣੇ ਸਿਰ ਹੀ ਧਰਨਾ ਪਵੇਗਾ

**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥**

(ਇਸ ਲਈ) ਅਪਣੇ ਅੰਦਰ ਵੱਸਦੇ ਪ੍ਰਭੂ/ਗੁਰੂ ਦੀ ਅਵਾਜ਼/ਹੁਕਮ ਨੂੰ ਮੰਨ ਕੇ ਅਵਗੁਣਿਆਰੇ ਮਨ ‘ਚ ਗੁਣ ਲਿਆਈਏ ਤੇ ਗੁਣਵਾਨ ਹੋ ਕੇ ਵੀ ਹੋਰ ਗੁਣਾਂ ਦੀ ਪ੍ਰਾਪਤੀ ਕਰੀਏ

**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥**

ਐਸਾ ਹੋਰ ਕੋਈ ਬਾਹਰ ਨਹੀਂ ਜੋ ਇਸ ਵਿਕਾਰੀ ਮਨ ਨੂੰ ਗੁਣਵਾਨ ਕਰ ਸੱਕੇ (ਇਹ ਕਾਰਜ ਅੰਦਰੋਂ ਹੀ ਹੋ ਸਕਦਾ ਹੈ)

**ਸੁਣਿਐ ਸਿਧ ਪੀਰ ਸੁਰਿ ਨਾਥ ॥**

ਅੰਦਰਲੇ ਰੱਬ ਦੇ ਹੁਕਮ ਨੂੰ ਸੁਣਨ ਨਾਲ਼ ਅੰਦਰ ਸੰਪੂਰਨਤਾ, ਉੱਚੀ ਮੱਤ, ਰੱਬੀ ਗੁਣ ਅਤੇ ਖੁਦ ਤੇ ਕਾਬੂ ਪਾਉਣ ਦੀ ਤਾਕਤ/ਸਮਰੱਥਾ ਆਉਂਦੀ ਹੈ

**ਸੁਣਿਐ ਧਰਤਿ ਧਵਲ ਆਕਾਸ ॥**

ਅੰਦਰਲੇ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਸਾਡੇ ਮਨ (ਧਰਤੀ) ਨੂੰ ਰੱਬੀ ਗਿਆਨ ਦਾ ਸਹਾਰਾ ਤੇ ਅਕਾਸ਼ ਜਿੰਨਾਂ ਵਿਸਤਾਰ ਤੇ ਉਚਿਆਈ ਵਾਲ਼ੀ ਮੱਤ ਮਿਲ਼ਦੀ ਹੈ

**ਸੁਣਿਐ ਦੀਪ ਲੋਅ ਪਾਤਾਲ ॥**

ਅੰਦਰਲੇ ਰੱਬ ਦੇ ਹੁਕਮ ਨੂੰ ਸੁਣਨ ਨਾਲ਼ ਅਗਿਆਨ ਦੇ ਹਨੇਰੇ (ਪਤਾਲ) ‘ਚ ਡਿੱਗੇ ਹੋਏ ਮਨ ਨੂੰ ਗਿਆਨ ਦੇ ਦੀਵੇ ਦੀ ਲੋਅ/ਚਾਨਣ ਮਿਲ਼ਦਾ ਹੈ

**ਸੁਣਿਐ ਪੋਹਿ ਨ ਸਕੈ ਕਾਲੁ ॥**

ਅੰਦਰਲੇ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਮਨ ਵਿਕਾਰਾਂ 'ਚ ਨਹੀਂ ਮਰਦਾ

**ਨਾਨਕ ਭਗਤਾ ਸਦਾ ਵਿਗਾਸੁ ॥**

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

**ਸੁਣਿਐ ਦੂਖ ਪਾਪ ਕਾ ਨਾਸੁ ॥੮॥**

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

**ਸੁਣਿਐ ਈਸਰੁ ਬਰਮਾ ਇੰਦੁ ॥**

ਅੰਦਰਲੇ ਰੱਬ ਨੂੰ ਸੁਣਨ ਨਾਲ਼ ਮਨ ਨੂੰ ਨਵੇਂ ਸਿਰੋਂ ਸਾਜਣ, ਪਾਲਣ ਤੇ ਉਸ ਤੇ ਰਾਜ ਕਰਨ ਵਾਲੀ ਸ਼ਕਤੀ ਮਿਲ਼ਦੀ ਹੈ

**ਸੁਣਿਐ ਮੁਖਿ ਸਾਲਾਹਣ ਮੰਦੁ ॥**

ਗੁਰੂ ਦੇ ਰੱਬੀ ਗਿਆਨ ਨੂੰ ਸੁਣਨ ਨਾਲ਼ ਮੰਦੇ ਪਾਸੇ ਜਾਂਦਾ ਹੋਇਆ ਮਨ ਵੀ ਰੱਬੀ ਗੁਣਾਂ ਵੱਲ ਮੁੜਦਾ ਹੈ

**ਸੁਣਿਐ ਜੋਗ ਜੁਗਤਿ ਤਨਿ ਭੇਦ ॥**

ਅੰਦਰ ਵੱਸਦੇ ਸਤਿਗੁਰੂ ਨੂੰ ਸੁਣਨ ਨਾਲ਼ ਇੱਕ ਪ੍ਰਭੂ ਨਾਲ ਇਸ ਮਨ ਦੇ ਇਕਮਿਕ ਹੋਣ ਦਾ ਭੇਤ/ਰਾਹ ਮਿਲ਼ਦਾ ਹੈ

**ਸੁਣਿਐ ਸਾਸਤ ਸਿਮ੍ਰਿਤਿ ਵੇਦ ॥**

ਰੱਬੀ ਹੁਕਮ ਨੂੰ ਸੁਣਨ ਨਾਲ਼ ਸੁਰਤ ਵਿੱਚ ਸਚਿਆਰ ਹੋ ਕੇ ਜੀਉਣ ਵਾਲ਼ਾ ਉੱਚਾ ਗਿਆਨ/ਜੀਵਨ ਜਾਚ ਆ ਟਿਕਦੀ ਹੈ

**ਨਾਨਕ ਭਗਤਾ ਸਦਾ ਵਿਗਾਸੁ ॥**

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

## ਸੁਣਿਐ ਦੂਖ ਪਾਪ ਕਾ ਨਾਸੁ ॥੯॥

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

## ਸੁਣਿਐ ਸਤੁ ਸੰਤੋਖੁ ਗਿਆਨੁ ॥

ਰੱਬੀ ਹੁਕਮ ਨੂੰ ਸੁਣਨ (ਜੀਊਣ) ਨਾਲ਼ ਅੰਦਰ ਸੱਚ ਤੇ ਸੰਤੋਖ ਵਿੱਚ ਜੀਊਣ ਦੀ ਮੱਤ ਆਉਂਦੀ ਹੈ

## ਸੁਣਿਐ ਅਠਸਠਿ ਕਾ ਇਸਨਾਨੁ ॥

ਪ੍ਰਭੂ/ਸਤਿਗੁਰੂ ਦੀ ਗੱਲ ਸੁਣਨ ਨਾਲ਼ ਅੰਦਰ ਹੀ ਮਨ ਸਾਰੇ (ਗਿਆਨ ਦੇ) ਤੀਰਥਾਂ ਦਾ ਇਸ਼ਨਾਨ ਕਰਦਾ ਹੈ

## ਸੁਣਿਐ ਪੜਿ ਪੜਿ ਪਾਵਹਿ ਮਾਨੁ ॥

ਗੁਰੂ ਨੂੰ ਸੁਣ ਕੇ ਮਨ ਅਪਣੇ ਅੰਦਰ ਨੂੰ ਪੜ੍ਹ/ਖੋਜ ਕੇ ਸਚਿਆਰ/ਪਵਿੱਤਰ ਹੋਣ ਦਾ ਮਾਣ ਪ੍ਰਾਪਤ ਕਰਦਾ ਹੈ

## ਸੁਣਿਐ ਲਾਗੈ ਸਹਜਿ ਧਿਆਨੁ ॥

ਅੰਦਰਲੇ ਰੱਬ/ਗੁਰੂ ਦੇ ਹੁਕਮ ਨੂੰ ਸੁਣ ਕੇ ਮਨ ਸਹਿਜੇ ਹੀ ਹਰ ਵੇਲ਼ੇ ਪ੍ਰਭੂ ਦੇ ਧਿਆਨ ‘ਚ ਰਹਿੰਦਾ ਹੈ

## ਨਾਨਕ ਭਗਤਾ ਸਦਾ ਵਿਗਾਸੁ ॥

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ ‘ਚ ਰਹਿੰਦਾ ਹੈ

## ਸੁਣਿਐ ਦੂਖ ਪਾਪ ਕਾ ਨਾਸੁ ॥੧੦॥

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

## ਸੁਣਿਐ ਸਰਾ ਗੁਣਾ ਕੇ ਗਾਹ ॥

ਰੱਬੀ ਹੁਕਮ ਨੂੰ ਸੁਣਨ/ਦ੍ਰਿੜ ਕਰਨ ਨਾਲ਼ ਅੰਦਰ ਬੇਅੰਤ ਗੁਣਾਂ ਦੀ ਸੋਝੀ ਆਉਂਦੀ ਹੈ

**ਸੁਣਿਐ ਸੇਖ ਪੀਰ ਪਾਤਿਸਾਹ ॥**

ਸਤਿਗੁਰੂ/ਪ੍ਰਭੂ ਦੇ ਹੁਕਮ ਨੂੰ ਸੁਣਨ (ਜੀਵਨ 'ਚ ਧਾਰਣ ਕਰਨ) ਨਾਲ਼ ਅਸੀਂ ਅੰਦਰੋਂ ਗੁਣਾਂ ਕਰਕੇ ਅਮੀਰ ਤੇ ਉੱਚੇ ਹੁੰਦੇ ਹਾਂ

**ਸੁਣਿਐ ਅੰਧੇ ਪਾਵਹਿ ਰਾਹੁ ॥**

ਗਿਆਨ ਗੁਰੂ ਨੂੰ ਸੁਣ/ਦ੍ਰਿੜ ਕਰਕੇ ਵਿਕਾਰਾਂ 'ਚ ਅੰਨ੍ਹਾਂ ਹੋਇਆ ਮਨ ਵੀ ਸਹੀ ਰਾਹ 'ਤੇ ਪੈ ਜਾਂਦਾ ਹੈ

**ਸੁਣਿਐ ਹਾਥ ਹੋਵੈ ਅਸਗਾਹੁ ॥**

ਰੱਬੀ ਹੁਕਮ ਨੂੰ ਸੁਣਨ (ਜੀਉਣ) ਨਾਲ਼ ਸਾਡੇ ਮਨ ਨੂੰ ਵਿਕਾਰਾਂ ਦੇ ਸਮੁੰਦਰ 'ਚ ਗਿਆਨ ਗੁਰੂ ਦਾ ਹੱਥ/ਸਹਾਰਾ ਮਿਲ਼ ਜਾਂਦਾ ਹੈ

**ਨਾਨਕ ਭਗਤਾ ਸਦਾ ਵਿਗਾਸੁ ॥**

ਰੱਬੀ ਹੁਕਮ ਨੂੰ ਸੁਣ ਕੇ ਗੁਣ ਲੈਣ ਵਾਲਾ ਮਨ ਸਦਾ ਖੇੜੇ/ਅਨੰਦ 'ਚ ਰਹਿੰਦਾ ਹੈ

**ਸੁਣਿਐ ਦੂਖ ਪਾਪ ਕਾ ਨਾਸੁ ॥੧੧॥**

ਕਿਉਂਕਿ ਪ੍ਰਭੂ/ਗੁਰੂ ਨੂੰ ਸੁਣਨ ਨਾਲ਼ ਉਸਦੇ ਅੰਦਰੋਂ ਕੂੜ/ਵਿਕਾਰਾਂ ਕਰਕੇ ਪੈਦਾ ਹੋਏ ਦੁੱਖ ਤੇ ਪਾਪ/ਬੁਰੇ ਖਿਆਲ ਮੁੱਕ ਜਾਂਦੇ ਨੇ

**ਮੰਨੇ ਕੀ ਗਤਿ ਕਹੀ ਨ ਜਾਇ ॥**

ਰੱਬੀ ਹੁਕਮ ਨੂੰ ਮੰਨਣ ਨਾਲ਼ ਜੋ ਮੁਕਤੀ/ਅੰਦਰਲੀ ਸੁੰਦਰਤਾ ਮਿਲ਼ਦੀ ਹੈ ਉਹ ਕਹਿਣ (ਗੱਲਾਂਬਾਤਾਂ) ਨਾਲ਼ ਪ੍ਰਾਪਤ ਨਹੀਂ ਹੁੰਦੀ

**ਜੇ ਕੋ ਕਹੈ ਪਿਛੈ ਪਛੁਤਾਇ ॥**

ਜੇ ਕੋਈ ਅੰਦਰਲੀ ਪਵਿੱਤਰਤਾ ਗੱਲਾ ਨਾਲ਼ ਲੈਣ ਬਾਰੇ ਕਹਿੰਦਾ ਹੈ ਤਾਂ ਸਫਲ ਨਹੀਂ ਹੁੰਦਾ

**ਕਾਗਦਿ ਕਲਮ ਨ ਲਿਖਣਹਾਰੁ ॥**

ਤੇ ਨਾ ਹੀ ਕਾਗਜ਼ ਤੇ ਕਲਮ ਲੈ ਕੇ ਲਿਖੇ ਬਾਹਰੀ ਗਿਆਨ ਨਾਲ਼ ਅੰਦਰਲੀ ਮੁਕਤੀ ਹੋਣੀ ਹੈ

**ਮੰਨੇ ਕਾ ਬਹਿ ਕਰਨਿ ਵੀਚਾਰੁ ॥**

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਦਾ ਮਨ ਤਾਂ ਸਦਾ ਅਪਣੇ ਅੰਦਰ ਹੀ ਬਹਿ/ਟਿਕ ਕੇ ਗਿਆਨ ਗੁਰੂ ਦੀ ਵਿਚਾਰ ਕਰਦਾ ਹੈ

**ਐਸਾ ਨਾਮੁ ਨਿਰੰਜਨੁ ਹੋਇ ॥**

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥**

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

**ਮੰਨੈ ਸੁਰਤਿ ਹੋਵੈ ਮਨਿ ਬੁਧਿ ॥**

ਪ੍ਰਭੂ ਦੇ ਹੁਕਮ ਨੂੰ ਮੰਨਣ ਨਾਲ਼ ਅਪਣੇ ਮਨ ਅਤੇ ਅਕਲ ਦੀ ਸੁਰਤ/ਸੰਭਾਲ਼ ਕਰਨੀ ਆ ਜਾਂਦੀ ਹੈ

**ਮੰਨੈ ਸਗਲ ਭਵਣ ਕੀ ਸੁਧਿ ॥**

ਰੱਬੀ ਹੁਕਮ ਨੂੰ ਮੰਨਣ ਨਾਲ਼ ਅਪਣੇ ਅੰਦਰ ਦੇ ਸਾਰੇ ਸੰਸਾਰ/ਪਸਾਰੇ ਦੀ ਸੁਧ/ਸਮਝ ਆਉਂਦੀ ਹੈ

**ਮੰਨੈ ਮੁਹਿ ਚੋਟਾ ਨਾ ਖਾਇ ॥**

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਅੰਦਰਲੇ ਵਿਕਾਰਾਂ ਹੱਥੀ ਲੁੱਟੇ-ਮਾਰੇ ਨਹੀਂ ਜਾਂਦੇ

**ਮੰਨੈ ਜਮ ਕੈ ਸਾਥਿ ਨ ਜਾਇ ॥**

ਅੰਦਰਲੇ ਪ੍ਰਭੂ ਦੀ ਗੱਲ ਮੰਨਣ ਵਾਲ਼ੇ ਵਿਕਾਰਾਂ ਦਾ ਸਾਥ ਨਹੀਂ ਕਰਦੇ

**ਐਸਾ ਨਾਮੁ ਨਿਰੰਜਨੁ ਹੋਇ ॥**

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥**

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

**ਮੰਨੈ ਮਾਰਗਿ ਠਾਕ ਨ ਪਾਇ ॥**

ਰੱਬੀ ਹੁਕਮ ਨੂੰ ਮੰਨਣ ਨਾਲ਼ (ਸਚਿਆਰ/ਪਵਿੱਤਰ ਹੋਣ ਵਾਲ਼ੇ) ਰਾਹ ਵਿੱਚ (ਵਿਕਾਰਾਂ ਵੱਲੋਂ) ਕੋਈ ਰੁਕਾਵਟ ਨਹੀਂ ਪੈਂਦੀ

**ਮੰਨੈ ਪਤਿ ਸਿਉ ਪਰਗਟੁ ਜਾਇ ॥**

ਰੱਬੀ ਹੁਕਮ ਨੂੰ ਮੰਨਣ ਨਾਲ਼ ਸਾਡਾ ਮਨ ਅੰਦਰ ਵੱਸਦੇ ਪ੍ਰਭੂ ਦੇ ਸਾਮ੍ਹਣੇ ਹਰ ਵੇਲ਼ੇ ਪੱਤ/ਗੁਣ ਲੈ ਕੇ ਪਰਗਟ/ਪੇਸ਼ ਹੁੰਦਾ ਹੈ

**ਮੰਨੈ ਮਗੁ ਨ ਚਲੈ ਪੰਥੁ ॥**

ਅਪਣੇ ਅੰਦਰ ਵੱਸਦੇ ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਬਾਹਰੀ ਧਾਰਮਕ ਵਿਖਾਵਿਆਂ ਵਾਲ਼ੇ ਰਾਹ ‘ਤੇ ਨਹੀਂ ਚੱਲਦਾ

**ਮੰਨੈ ਧਰਮ ਸੇਤੀ ਸਨਬੰਧੁ ॥**

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਮਨ ਹੀ ਅੰਦਰੋਂ ਧਰਮ/ਪਵਿੱਤਰਤਾ ਨਾਲ਼ ਰਿਸ਼ਤਾ ਬਣਾਉਂਦਾ ਹੈ

**ਐਸਾ ਨਾਮੁ ਨਿਰੰਜਨੁ ਹੋਇ ॥**

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥**

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

ਮੰਨੈ ਪਾਵਹਿ ਮੋਖੁ ਦੁਆਰੁ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਅਪਣੇ ਅੰਦਰ ਵਿਕਾਰਾਂ/ਕੂੜ ਤੋਂ ਮੁਕਤੀ/ਛੁਟਕਾਰੇ ਦਾ ਰਾਹ ਰੱਬੀ ਗਿਆਨ 'ਚ ਲੱਭ ਲੈਂਦਾ ਹੈ

ਮੰਨੈ ਪਰਵਾਰੈ ਸਾਧਾਰੁ ॥

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਅਪਣੇ ਸਾਰੇ ਅੰਦਰਲੇ ਪਰਿਵਾਰ –ਸੁਰਤ,ਮਨ ਤੇ ਮੱਤ– ਦਾ ਸੁਧਾਰ ਕਰ ਲੈਂਦਾ ਹੈ

ਮੰਨੈ ਤਰੈ ਤਾਰੇ ਗੁਰੁਸਿਖ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਗਿਆਨ ਵੱਲ ਮੁੱਖ/ਅਮਲ ਕਰਕੇ ਖੁਦ ਵਿਕਾਰਾਂ ਤੋਂ ਨਿਕਲ਼ਦਾ ਹੈ ਤੇ ਅਪਣੀ ਸਾਰੀ ਸੋਚ ਤੇ ਵਿਚਾਰਾਂ ਨੂੰ ਵੀ ਬਚਾ ਲੈਂਦਾ ਹੈ

ਮੰਨੈ ਨਾਨਕ ਭਵਹਿ ਨ ਭਿਖ ॥

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਹੁਣ ਬਾਹਰਲੇ ਪਦਾਰਥਾਂ/ਸੁੱਖਾਂ 'ਚ ਮੁਕਤੀ ਨਹੀਂ ਮੰਗਦਾ/ਲੱਭਦਾ ਫਿਰਦਾ

ਐਸਾ ਨਾਮੁ ਨਿਰੰਜਨੁ ਹੋਇ ॥

ਸਾਡੇ ਅੰਦਰ ਵੱਸਦੇ ਪ੍ਰਭੂ ਦਾ ਸੁਨੇਹਾ/ਗਿਆਨ (ਨਾਮ) ਐਨਾ ਪਵਿੱਤਰ ਹੈ

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

ਜੋ ਵੀ ਉਸ ਨੂੰ ਅਪਣੇ ਮਨ ਵਿੱਚ ਜਾਣ/ਸੁਣ ਕੇ ਮੰਨਦਾ ਹੈ (ਉਹ ਹੀ ਵਿਕਾਰਾਂ/ਕੂੜ ਤੋਂ ਗਤਿ/ਮੁਕਤੀ ਪ੍ਰਾਪਤ ਕਰਦਾ ਹੈ)

ਪੰਚ ਪਰਵਾਣ ਪੰਚ ਪਰਧਾਨੁ ॥

ਜੋ ਰੱਬੀ ਹੁਕਮ ਨੂੰ ਸੁਣ/ਮੰਨ ਲੈਂਦਾ ਹੈ ਉਹ (ਪੰਚ) ਹੀ ਰੱਬ ਨੂੰ ਪਰਵਾਣ ਹੈ ਤੇ ਓਹੀ ਮਨ ਸਾਡੀ ਅਗਵਾਈ ਕਰਨ ਦੇ ਕਾਬਲ ਬਣਦਾ ਹੈ

**ਪੰਚੇ ਪਾਵਹਿ ਦਰਗਹਿ ਮਾਨੁ ॥**

ਹੁਕਮ ਨੂੰ ਮੰਨ ਕੇ ਪੰਚ ਹੋਇਆ ਮਨ ਹੀ ਸਦਾ ਅੰਦਰ ਵੱਸਦੇ ਪ੍ਰਭੂ ਦੀ ਦਰਗਾਹ ਵਿੱਚ ਕਿਰਪਾ/ਗੁਣਾਂ ਦਾ ਮਾਣ ਲੈਂਦਾ ਹੈ

**ਪੰਚੇ ਸੋਹਹਿ ਦਰਿ ਰਾਜਾਨੁ ॥**

ਹੁਕਮ ਨੂੰ ਮੰਨਣ (ਅਮਲ ਕਰਣ) ਵਾਲ਼ਾ ਮਨ (ਰਾਜਾ) ਹੀ ਰੱਬ ਦੇ ਦਰ 'ਤੇ ਗੁਣਾਂ ਨਾਲ਼ ਸੱਜਿਆ ਸੋਹਣਾ ਲੱਗਦਾ ਹੈ

**ਪੰਚਾ ਕਾ ਗੁਰੁ ਏਕੁ ਧਿਆਨੁ ॥**

ਹੁਕਮ ਮੰਨਣ ਵਾਲਿਆਂ ਦਾ ਇੱਕ ਵੱਡਾ ਗੁਣ/ਗੁਰ ਇਹ ਹੈ ਕਿ ਉਨ੍ਹਾਂ ਦਾ ਧਿਆਨ ਸਦਾ ਅੰਦਰ ਵੱਸਦੇ ਪ੍ਰਭੂ ਵੱਲ ਹੈ

**ਜੇ ਕੋ ਕਹੈ ਕਰੈ ਵੀਚਾਰੁ ॥**

ਜੋ ਕੋਈ ਵੀ ਰੱਬੀ ਹੁਕਮ ਨੂੰ ਕਹਿੰਦਾ-ਕਰਦਾ (ਜੀਵਨ ਵਿੱਚ ਦ੍ਰਿੜ ਕਰਦਾ) ਹੈ

**ਕਰਤੇ ਕੈ ਕਰਣੈ ਨਾਹੀ ਸੁਮਾਰੁ ॥**

ਉਹ ਇਹ ਜਾਣਦਾ ਹੈ ਕਿ ਇਹ ਸਾਰੀ ਬੇਸ਼ੁਮਾਰ ਦਾਤ ਕਰਤੇ ਪੁਰਖ ਦੀ ਹੈ (ਮਨ ਦੀ ਮੱਤ ਨਾਲ਼ ਇਹ ਬਖਸ਼ਿਸ਼ ਨਹੀਂ ਮਿਲ਼ਦੀ)

**ਧੌਲੁ ਧਰਮੁ ਦਇਆ ਕਾ ਪੂਤੁ ॥**

ਹੁਕਮ ਨੂੰ ਦ੍ਰਿੜ ਕਰਣ ਨਾਲ਼ ਮਨ ਅਪਣੇ ਅੰਦਰਲੇ ਹਲਾਤ ਤੇ ਦਇਆ/ਤਰਸ ਕਰਦਾ ਹੈ ਤੇ ਇਸ ਦਇਆ 'ਚੋਂ ਇਹ ਖਿਆਲ ਪੈਦਾ ਹੁੰਦਾ ਹੈ ਕਿ ਜੀਵਨ ਨੂੰ ਧਰਮ (ਸੁਚੱਜੇ ਜੀਵਨ ਦੀ ਰਾਹ) ਦਾ ਸਹਾਰਾ ਦਿੱਤਾ ਜਾਵੇ

**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**

ਗੁਰੂ ਗਿਆਨ/ਹੁਕਮ ਵਾਲ਼ੇ ਉਸ ਰਾਹ (ਧਰਮ) 'ਚੋਂ ਮਿਲ਼ਿਆ ਸੰਤੋਖ ਦਾ ਗੁਣ ਹੀ ਮਨ ਨੂੰ ਕੂੜ/ਵਿਕਾਰਾਂ 'ਚ ਡਿੱਗਣ-ਡੋਲਣ ਤੋਂ ਬਚਾਉਂਦਾ ਹੈ

### ਜੇ ਕੋ **ਬੁਝੈ** ਹੋਵੈ ਸਚਿਆਰੁ ॥

ਜੇ ਕੋਈ ਐਸੇ ਧਰਮ (ਸੁਚੱਜੀ ਜੀਵਨ ਜਾਚ) ਦੀ ਸਮਝ ਅਪਣੇ ਅੰਦਰ ਵਸਾ (ਦ੍ਰਿੜ ਕਰ) ਲੈਂਦਾ ਹੈ ਤਾਂ ਉਹ ਸਚਿਆਰ (ਰੱਬ ਰੂਪ) ਹੋ ਜਾਂਦਾ ਹੈ

### ਧਵਲੈ **ਉਪਰਿ** ਕੇਤਾ ਭਾਰੁ ॥

ਖੁਦ 'ਤੇ ਇਹ ਦਇਆ ਓਦੋਂ ਹੀ ਹੁੰਦੀ ਹੈ ਜਦ ਜਾਣ ਲਈਏ ਕਿ ਮਨ ਦੀ ਧਰਤੀ ਵਿਕਾਰਾਂ ਨਾ਼ਲ ਕਿੰਨੀ ਭਾਰੀ ਹੋਈ ਪਈ ਹੈ

### ਧਰਤੀ ਹੋਰੁ **ਪਰੈ** ਹੋਰੁ ਹੋਰੁ ॥

ਕਿਤੇ ਇੱਕ ਨਹੀਂ, ਸਗੋਂ ਅੱਗੇ ਤੋਂ ਅੱਗੇ ਇਹ ਵਿਕਾਰਾਂ/ਬੁਰਾਈਆਂ ਦਾ ਪਸਾਰਾ ਸਾਡੇ ਅੰਦਰ ਭਰਿਆ ਪਿਆ ਹੈ

### ਤਿਸ ਤੇ ਭਾਰੁ **ਤਲੈ** ਕਵਣੁ ਜੋਰੁ ॥

ਤੇ ਇਸ ਸਾਰੇ ਭਾਰ ਨੂੰ ਸੰਭਾਲਣ (ਦੂਰ ਕਰਨ) ਲਈ ਅਸੀਂ ਕੀਹਦਾ ਸਹਾਰਾ ਲਿਆ ਹੈ? (ਕੋਈ ਵੀ ਨਹੀਂ। ਜਿਸ ਕਰਕੇ ਹਰ ਵੇ਼ਲੇ ਮਨ ਦੁੱਖਾਂ-ਫਿਕਰਾਂ-ਵਿਕਾਰਾਂ 'ਚ ਡੋਲਦਾ ਫਿਰਦਾ ਹੈ)

### ਜੀਅ **ਜਾਤਿ** ਰੰਗਾ ਕੇ ਨਾਵ ॥

ਅੰਦਰ ਅਨੇਕਾਂ ਹੀ ਭਾਂਤਾਂ ਦੇ ਗੁਣ/ਔਗੁਣਾਂ ਵਾਲੇ ਉੱਚੇ-ਨੀਵੇਂ ਜੀਵਨ (ਮਨ ਦੀਆਂ ਅਵਸਥਾਵਾਂ ਵਿੱਚ) ਅਸੀਂ ਜੀਉਂਦੇ-ਮਰਦੇ ਰਹਿੰਦੇ ਹਾਂ

### ਸਭਨਾ **ਲਿਖਿਆ** ਵੁੜੀ ਕਲਾਮ ॥

(ਹੁਕਮ ਨੂੰ ਮੰਨਣ ਵਾ਼ਲਾ ਇਹ ਸਭ ਵਿਚਾਰ ਕੇ) ਅਪਣੇ ਅੰਦਰ ਸੁਰਤ-ਮੱਤ-ਮਨ ਉੱਤੇ ਅੰਦਰ ਵੱਸਦੇ ਪ੍ਰਭੂ/ਗੁਰੂ ਦੇ ਨਿਰੰਤਰ ਚੱਲਦੇ ਗਿਆਨ ਨਾ਼ਲ ਲਿਖਦਾ (ਬਦਲਾਅ ਕਰਦਾ) ਹੈ

### ਏਹੁ **ਲੇਖਾ** ਲਿਖਿ ਜਾਣੈ ਕੋਇ ॥

ਜਿਹੜਾ ਵੀ ਇੰਝ ਅਪਣੇ ਅੰਦਰ ਲਿਖਣਾ (ਬਦਲਾਅ ਕਰਨਾ) ਜਾਣ ਲੈਂਦਾ ਹੈ

**ਲੇਖਾ ਲਿਖਿਆ ਕੇਤਾ ਹੋਇ ॥**

ਉਸਦੇ ਅੰਦਰ ਦਾ ਸੰਸਾਰ ਬੇਅੰਤ ਗੁਣਾਂ ਨਾਲ਼ ਨਿਰੰਤਰ ਕਈ ਗੁਣਾ ਸੋਹਣਾ ਹੁੰਦਾ ਜਾਂਦਾ ਹੈ

**ਕੇਤਾ ਤਾਣੁ ਸੁਆਲਿਹੁ ਰੂਪੁ ॥**

ਉਸਦੇ ਅੰਦਰ ਰੱਬੀ ਗੁਣਾਂ ਦੀ ਤਾਕਤ ਸੁਰਤ-ਮੱਤ-ਮਨ ਨੂੰ ਸੋਹਣਾ ਰੂਪ ਦੇਂਦੀ ਹੈ

**ਕੇਤੀ ਦਾਤਿ ਜਾਣੈ ਕੌਣੁ ਕੂਤੁ ॥**

ਕਿਸੇ 'ਚ ਐਨੀਂ ਕੁੱਵਤ/ਸ਼ਕਤੀ ਨਹੀਂ ਕਿ ਅੰਦਾਜ਼ਾ ਲਗਾ ਸਕੇ ਕਿ ਰੱਬੀ ਹੁਕਮ 'ਚ ਅੰਦਰੋਂ ਖੁਦ ਨੂੰ ਸਵਾਰਨ ਵਾਲ਼ੇ ਚੰਗੇ ਗੁਣਾਂ ਦੀਆਂ ਕਿੰਨੀਆਂ ਦਾਤਾਂ ਪ੍ਰਭੂ ਕੋਲੋਂ ਲਈ ਜਾਂਦੇ ਨੇ

**ਕੀਤਾ ਪਸਾਉ ਏਕੋ ਕਵਾਉ ॥**

ਇਹ ਸਾਰਾ ਅੰਦਰਲੀ ਸੁਰਤ ਦਾ ਸੋਹਣਾ ਪਸਾਰਾ ਕੇਵਲ ਇੱਕ ਹੁਕਮ (ਰੱਬੀ ਅਵਾਜ਼) ਨੂੰ ਮੰਨਣ (ਜੀਵਨ 'ਚ ਉਤਾਰਨ) ਨਾਲ਼ ਹੁੰਦਾ ਹੈ

**ਤਿਸ ਤੇ ਹੋਏ ਲਖ ਦਰੀਆਉ ॥**

ਇੱਕ ਹੁਕਮ ਨੂ ਮੰਨਣ ਵਿੱਚੋਂ ਹੀ (ਮਨ ਦੀ ਧਰਤੀ ਨੂੰ ਗੁਣਾਂ ਨਾਲ਼ ਭਰਣ/ਸਿੰਜਣ ਲਈ) ਅੰਦਰ ਚੰਗੀ ਸੋਚ ਦੇ ਲੱਖਾਂ ਹੀ ਦਰਿਆ/ਪ੍ਰਵਾਹ ਚੱਲ ਪੈਂਦੇ ਨੇ

**ਕੁਦਰਤਿ ਕਵਣ ਕਹਾ ਵੀਚਾਰੁ ॥**

ਰੱਬੀ ਹੁਕਮ ਐਸੀ ਕੁਦਰਤ/ਕਲਾ ਵਰਤਾਉਂਦਾ ਹੈ ਜਿਸਨੂੰ ਕੋਈ ਬਿਆਨ ਨਹੀਂ ਕਰ ਸਕਦਾ

**ਵਾਰਿਆ ਨ ਜਾਵਾ ਏਕ ਵਾਰ ॥**

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

ਜੋ ਤੁਧੁ **ਭਾਵੈ** ਸਾਈ ਭਲੀ ਕਾਰ ॥

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

ਤੂ ਸਦਾ **ਸਲਾਮਤਿ** ਨਿਰੰਕਾਰ ॥੧੬॥

ਤੇ ਇਹ ਕਹਿੰਦਾ ਹੈ ਕਿ, ਹੇ ਨਿਰੰਕਾਰ ਪਰਮਾਤਮਾ! ਤੂੰ ਹੀ ਮੇਰੇ ਅੰਦਰਲੇ ਸੰਸਾਰ ਨੂੰ ਸਦਾ (ਅਪਣੇ ਹੁਕਮ ਨਾਲ਼ ਵਿਕਾਰਾਂ ਤੋਂ) ਸਲਾਮਤ ਰੱਖਦਾ ਹੈਂ

ਅਸੰਖ **ਜਪ** ਅਸੰਖ ਭਾਉ ॥

(ਜਦ ਮਨ ਰੱਬੀ ਗਿਆਨ ਨੂੰ ਧਾਰਣ ਕਰਕੇ ਅਪਣੀ ਸੋਚ ਨੂੰ ਓੱਚਾ ਚੁਕਦਾ ਹੈ ਤਾਂ ਸਮਝ ਪੈਂਦੀ ਹੈ ਕਿ ਮੇਰੇ ਅੰਦਰ ਚੰਗੇ ਤੇ ਮਾੜੇ - ਦੋਵੇਂ ਤਰ੍ਹਾਂ ਦੇ ਕਰਮ ਕਰਨ ਦੀ ਅਪਾਰ ਤਾਕਤ ਹੈ। ਫਿਰ ਮਨ ਜਾਣਦਾ ਹੈ ਕਿ) ਮੇਰੇ ਅੰਦਰ ਹੀ ਅਨਗਿਣਤ (ਚੰਗੇ-ਮਾੜੇ) ਜਪ/ਧਿਆਨ ਚੱਲ ਰਹੇ ਨੇ ਤੇ ਅਨਗਿਣਤ ਤਰ੍ਹਾ ਦੇ ਪਿਆਰ ਵੀ ਅੰਦਰ ਪਲ਼ ਰਹੇ ਨੇ

ਅਸੰਖ **ਪੂਜਾ** ਅਸੰਖ ਤਪ ਤਾਉ ॥

ਅਨੇਕਾਂ ਹੀ ਖਿਆਲਾਂ-ਚੀਜ਼ਾਂ ਦੀ ਮਨ ਪੂਜਾ (ਖੁਦ ਨੂੰ ਸੌਂਪਣਾ) ਕਰੀ ਜਾਂਦਾ ਹੈ, ਤੇ ਅਨਗਿਣਤ ਚਾਹਤਾਂ ਲਈ ਖੁਦ ਨੂੰ ਤਪ/ਔਖੇ ਰਾਹਾਂ ਤੇ ਲੈ ਕੇ ਜਾਣ ਦੀ ਬੇਅੰਤ ਸ਼ਕਤੀ ਵੀ ਅੰਦਰ ਹੈ

ਅਸੰਖ **ਗਰੰਥ** ਮੁਖਿ ਵੇਦ ਪਾਠ ॥

ਬੇਅੰਤ ਹੀ ਸ਼ਕਤੀ ਇਸ ਮਨ ਅੰਦਰ ਅਨੇਕਾਂ ਗ੍ਰੰਥਾਂ ਨੂੰ ਪੜ੍ਹਨ (ਗਿਆਨ ਲੈਣ) ਦੀ ਵੀ ਹੈ

ਅਸੰਖ **ਜੋਗ** ਮਨਿ ਰਹਹਿ ਉਦਾਸ ॥

ਇਸ ਮਨ ਅੰਦਰ ਬੇਅੰਤ ਤਾਕਤ ਹੈ ਖੁਦ ਨੂੰ ਕਿਸੇ ਖਾਸ ਮਕਸਦ ਲਈ ਆਦਤਾਂ/ਚੀਜ਼ਾਂ ਤੋਂ ਉਦਾਸ/ਅਲੱਗ ਕਰਣ ਦੀ

**ਅਸੰਖ ਭਗਤ ਗੁਣ ਗਿਆਨ ਵੀਚਾਰ ॥**

ਅੰਦਰ ਹੀ ਰੱਬੀ ਗੁਣਾਂ ਦੀ ਸਮਝ ਲੈ ਕੇ ਉਨ੍ਹਾਂ ਦੀ ਵਿਚਾਰ (ਜੀਵਨ ‘ਚ ਧਾਰਣ ਕਰਨ) ਦੀ ਵੀ ਸਮਰੱਥਾ ਹੈ

**ਅਸੰਖ ਸਤੀ ਅਸੰਖ ਦਾਤਾਰ ॥**

ਮੇਰੇ ਅੰਦਰ ਚੰਗੇ ਆਚਰਣ ਨੂੰ ਧਾਰਣ ਕਰਨ ‘ਤੇ ਲਾਲਚ ਛੱਡ ਕੇ ਸਭ ਕੁਝ ਦਾਨ ਕਰ ਦੇਣ ਦੀ ਵੀ ਅਸੀਮ ਤਾਕਤ ਹੈ

**ਅਸੰਖ ਸੂਰ ਮੁਹ ਭਖ ਸਾਰ ॥**

ਔਖੇ ਤੋਂ ਔਖੇ ਸਮੇਂ ਵਿੱਚ ਬਹਾਦੁਰੀ ਨਾਲ਼ ਜੂਝਣ ਦੀ ਵੀ ਬੇਸ਼ੁਮਾਰ ਤਾਕਤ ਮੇਰੇ ਅੰਦਰ ਹੀ ਹੈ

**ਅਸੰਖ ਮੋਨਿ ਲਿਵ ਲਾਇ ਤਾਰ ॥**

ਰੱਬੀ ਹੁਕਮ ਨੂੰ ਸਮਰਪਿਤ ਮਨ ਜਾਣਦਾ ਹੈ ਕਿ ਮੇਰੇ ਅੰਦਰ ਅਨਗਿਣਤ ਸ਼ਕਤੀਆਂ ਨੇ ਖੁਦ ਨੂੰ ਸ਼ਾਂਤ ਕਰਕੇ ਧਿਆਨ ਵਿੱਚ ਬੈਠਣ ਦੀਆਂ

**ਕੁਦਰਤਿ ਕਵਣ ਕਹਾ ਵੀਚਾਰੁ ॥**

ਰੱਬੀ ਹੁਕਮ ਐਸੀ ਕੁਦਰਤ/ਕਲਾ ਵਰਤਾਉਂਦਾ ਹੈ ਜਿਸਨੂੰ ਕੋਈ ਬਿਆਨ ਨਹੀਂ ਕਰ ਸਕਦਾ

**ਵਾਰਿਆ ਨ ਜਾਵਾ ਏਕ ਵਾਰ ॥**

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

## ਤੂ ਸਦਾ **ਸਲਾਮਤਿ** ਨਿਰੰਕਾਰ ॥੧੭॥

ਤੇ ਇਹ ਕਹਿੰਦਾ ਹੈ ਕਿ, ਹੇ ਨਿਰੰਕਾਰ ਪਰਮਾਤਮਾ! ਤੂੰ ਹੀ ਮੇਰੇ ਅੰਦਰਲੇ ਸੰਸਾਰ ਨੂੰ ਸਦਾ (ਅਪਣੇ ਹੁਕਮ ਨਾ.ਲ਼ ਵਿਕਾਰਾਂ ਤੋਂ) ਸਲਾਮਤ ਰੱਖਦਾ ਹੈਂ

## ਅਸੰਖ **ਮੂਰਖ** ਅੰਧ ਘੋਰ ॥

ਰੱਬੀ ਹੁਕਮ 'ਚ ਜੀਉਣ ਵਾ.ਲ਼ੇ ਨੂੰ ਸਮਝ ਪੈਂਦੀ ਹੈ ਕਿ ਮੇਰੇ ਮਨ ਅੰਦਰ ਬੇਹੱਦ ਮੂਰਖਤਾ ਵਿੱਚ ਘੋਰ ਅੰਨ੍ਹੇ (ਬੁਰਾਈਆਂ ਦੇ) ਰਾਹ 'ਤੇ ਪੈਣ ਦੇ ਬੇਅੰਤ ਔਗਣ ਵੀ ਨੇ

## ਅਸੰਖ **ਚੋਰ** ਹਰਾਮਖੋਰ ॥

ਇਸ ਮਨ ਅੰਦਰ ਚੋਰੀਆਂ ਤੇ ਹਰਾਮਖੋਰੀਆਂ ਕਰਨ ਦੀਆਂ ਵੀ ਬੇਸ਼ੁਮਾਰ ਆਦਤਾਂ ਭਰੀਆਂ ਹੋਈਆਂ ਨੇ

## ਅਸੰਖ **ਅਮਰ** ਕਰਿ ਜਾਹਿ ਜੋਰ ॥

ਮੇਰੇ ਅੰਦਰ ਖੁਦ ਤੇ ਦੂਜਿਆਂ ਨਾ.ਲ਼ ਧੱਕਾ/ਧੋਖਾ ਕਰਨ ਦੀਆ ਵੀ ਬੇਅੰਤ ਸ਼ਕਤੀਆਂ ਨੇ

## ਅਸੰਖ **ਗਲਵਢ** ਹਤਿਆ ਕਮਾਹਿ ॥

ਅੰਦਰ ਹੀ ਬੇਅੰਤ ਔਗੁਣ ਨੇ ਜਿਨ੍ਹਾਂ ਨਾ.ਲ਼ ਅਸੀਂ ਅਪਣੀ ਅੰਤਰਾਤਮਾ (ਚੰਗਿਆਈ) ਦੀ ਹੱਤਿਆ/ਕਤਲ ਕਰਦੇ ਹਾਂ (ਉਸਨੂੰ ਸੁਣਨਾ ਬੰਦ ਕਰਦ ਦੇਂਦੇ ਹਾਂ)

## ਅਸੰਖ **ਪਾਪੀ** ਪਾਪੁ ਕਰਿ ਜਾਹਿ ॥

ਬੇਅੰਤ ਹੀ ਪਾਪ (ਬੁਰੇ ਖਿਆਲ) ਮੇਰੇ ਅੰਦਰ ਭਰੇ ਹੋਏ ਨੇ ਜਿਨ੍ਹਾਂ ਨਾ.ਲ਼ ਮੈਂ ਅੰਦਰਲੇ ਪ੍ਰਭੂ ਦੀ ਅਵਾਜ਼ ਨੂੰ ਮਾਰ ਕੇ ਗੁਨਾਹ ਕਰੀ ਜਾਂਦਾ ਹਾਂ

## ਅਸੰਖ **ਕੂੜਿਆਰ** ਕੂੜੇ ਫਿਰਾਹਿ ॥

ਮੇਰੇ ਅੰਦਰ ਕੂੜ (ਵਿਕਾਰਾਂ) ਨਾ.ਲ਼ ਭਰਿਆ ਮਨ ਨਿੱਤ ਵਿਕਾਰਾਂ ਵਿੱਚ ਬੁਰੇ ਕਰਮ ਕਰੀ ਜਾਂਦਾ ਹੈ

**ਅਸੰਖ ਮਲੇਛ ਮਲੁ ਭਖਿ ਖਾਹਿ ॥**

ਅੰਦਰ ਅਨਗਿਣਤ ਹੀ ਮੈਲ਼ੇ ਔਗਣ ਨੇ ਜਿਨ੍ਹਾਂ ਨੇ ਮੈਨੂੰ ਬੁਰਾਈਆਂ ਦੇ ਚਸਕਿਆਂ 'ਚ ਪਾ ਕੇ ਉਨ੍ਹਾਂ 'ਚ ਹੀ ਖੱਚਤ ਕੀਤਾ ਹੋਇਆ ਹੈ

**ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥**

ਅਨਗਿਣਤ ਕਮਜੋਰੀਆਂ ਮੇਰੇ ਅੰਦਰ ਨੇ ਜੋ ਮੈਨੂੰ ਮੇਰੇ ਚੰਗੇ ਗੁਣਾਂ ਨੂੰ ਦਬਾਉਣ ਵਾ਼ਲਾ ਨਿੰਦਕ ਸੁਭਾਅ ਦੇਂਦੀਆਂ ਨੇ ਜਿਸ ਕਰਕੇ ਮੈਂ ਵਿਕਾਰਾਂ ਦਾ ਭਾਰ ਇਕੱਠਾ ਕਰੀ ਜਾਂਦਾ ਹਾਂ

**ਨਾਨਕੁ ਨੀਚੁ ਕਹੈ ਵੀਚਾਰੁ ॥**

ਰੱਬੀ ਗਿਆਨ ਨੂੰ ਵਿਚਾਰਨ ਵਾ਼ਲਾ ਮਨ ਖੁਦ ਦੀ ਇੰਜ ਖੋਜ ਕਰਕੇ ਇਹ ਜਾਣ ਲੈਂਦਾ ਹੈ ਕਿ ਮੇਰੇ ਅੰਦਰ ਨੀਚਤਾ (ਕਮਜੋਰੀਆਂ) ਨੇ, ਤੇ ਮੈਂ ਰੱਬੀ ਹੁਕਮ ਨੂੰ ਦ੍ਰਿੜ ਕਰਕੇ ਇਸ ਤੋਂ ਉੱਪਰ ਉੱਠਣਾ ਹੈ

**ਵਾਰਿਆ ਨ ਜਾਵਾ ਏਕ ਵਾਰ ॥**

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

**ਤੂ ਸਦਾ ਸਲਾਮਤਿ ਨਿਰੰਕਾਰ ॥੧੮॥**

ਤੇ ਇਹ ਕਹਿੰਦਾ ਹੈ ਕਿ, ਹੇ ਨਿਰੰਕਾਰ ਪਰਮਾਤਮਾ! ਤੂੰ ਹੀ ਮੇਰੇ ਅੰਦਰਲੇ ਸੰਸਾਰ ਨੂੰ ਸਦਾ (ਅਪਣੇ ਹੁਕਮ ਨਾ਼ਲ ਵਿਕਾਰਾਂ ਤੋਂ) ਸਲਾਮਤ ਰੱਖਦਾ ਹੈਂ

## ਅਸੰਖ **ਨਾਵ** ਅਸੰਖ ਥਾਵ ॥

ਰੱਬੀ ਹੁਕਮ 'ਚ ਜੀਊਣ ਵਾਲ਼ੇ ਨੂੰ ਸਮਝ ਪੈ ਜਾਂਦੀ ਹੈ ਕਿ ਮੇਰੇ ਅੰਦਰ-ਬਾਹਰ ਰੋਮ ਰੋਮ ਸਾਰੇ ਬੇਅੰਤ ਥਾਂ/ਟਿਕਾਣੇ ਪ੍ਰਭੂ ਦੇ ਹੀ ਨੇ, ਤੇ ਹਰ ਹਿੱਸੇ ਉੱਤੇ ਓਸੇ ਦੇ ਬੇਅੰਤ ਨਿਯਮ/ਹੁਕਮ ਚੱਲ ਰਹੇ ਨੇ

## ਅਗੰਮ **ਅਗੰਮ** ਅਸੰਖ ਲੋਅ ॥

ਰੱਬੀ ਹੁਕਮ ਨੂੰ ਦ੍ਰਿੜ ਕਰਨ ਵਾਲ਼ੇ ਨੂੰ ਇਹ ਸਮਝ ਪੈਂਦੀ ਹੈ ਕਿ ਮੇਰੇ ਅੰਦਰ-ਬਾਹਰ ਦੀ ਰਚਨਾ ਦੀਆਂ ਮੇਰੀ ਸਮਝ ਤੋਂ ਪਰੇ ਬੇਅੰਤ ਪਰਤਾਂ ਨੇ

## ਅਸੰਖ **ਕਹਹਿ** ਸਿਰਿ ਭਾਰੁ ਹੋਇ ॥

ਬੇਅੰਤ ਵਾਰ ਮੇਰਾ ਮਨ ਉਸ ਰਚਨਾ ਦਾ ਅੰਤ ਕਹਿਣ ਦੇ ਜਤਨ ਵਿੱਚ ਸਿਰਫ ਭਾਰ/ਪਛਤਾਵਾ ਹੀ ਲੈ ਕੇ ਰਹਿ ਜਾਂਦਾ ਹੈ

## ਅਖਰੀ **ਨਾਮੁ** ਅਖਰੀ ਸਾਲਾਹ ॥

ਉਸ ਪ੍ਰਭੂ ਦਾ ਹੁਕਮ ਤੇ ਵਡਿਆਈਆਂ ਦਾ ਕੋਈ ਤੋੜ ਨਹੀਂ ਹੈ (ਅਖਰੀ = ਜੋ ਖਤਮ ਨਾ ਹੋਵੇ)

## **ਅਖਰੀ** ਗਿਆਨੁ ਗੀਤ ਗੁਣ ਗਾਹ ॥

ਉਸਤੋਂ ਮਿਲਣ ਵਾਲ਼ੇ ਗਿਆਨ ਦੇ ਗੀਤ/ਉਪਦੇਸ਼ ਨੂੰ ਦ੍ਰਿੜ ਕਰਨ ਵਾਲ਼ੇ ਪਵਿੱਤਰ ਮਨ ਦਾ ਵੀ ਕੋਈ ਤੋੜ ਨਹੀਂ

## **ਅਖਰੀ** ਲਿਖਣੁ ਬੋਲਣੁ ਬਾਣਿ ॥

ਪ੍ਰਭੂ ਦੇ ਹੁਕਮ 'ਚ ਜੀਊਣ ਵਾਲ਼ਾ ਮਨ ਅਪਣੇ ਅੰਦਰ ਨਾ ਖਤਮ ਹੋਣ ਵਾਲ਼ੇ ਸੁਚੱਜੇ ਵਿਚਾਰਾਂ ਨੂੰ ਲਿਖਦਾ-ਬੋਲਦਾ (ਦ੍ਰਿੜ ਕਰਦਾ) ਹੈ

## ਅਖਰਾ **ਸਿਰਿ** ਸੰਜੋਗੁ ਵਖਾਣਿ ॥

ਅੰਦਰੋਂ ਰੱਬੀ ਅਵਾਜ਼/ਹੁਕਮ ਨੂੰ ਮੰਨ ਕੇ ਉਹ ਪ੍ਰਭੂ ਨਾਲ਼ ਮਿਲਾਪ ਦੇ ਸੰਜੋਗ ਅਪਣੇ ਮੱਥੇ/ਭਾਗਾਂ 'ਚ ਬਣਾਉਂਦਾ ਹੈ

**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥**

ਜੋ ਅਪਣੇ ਅੰਦਰ ਹੁਕਮ ਨੂੰ ਮੰਨ ਕੇ ਚੰਗੇ ਰੱਬੀ ਗੁਣ ਦ੍ਰਿੜ ਕਰਦਾ ਹੈ ਉਸਦੇ ਸਿਰੋਂ (ਮੱਤ ਵਿੱਚੋਂ) ਵਿਕਾਰਾਂ ਦਾ ਭਾਰ ਲੱਥਦਾ ਹੈ

**ਜਿਵ ਫੁਰਮਾਏ ਤਿਵ ਤਿਵ ਪਾਹਿ ॥**

ਜਿਵੇਂ ਜਿਵੇਂ ਉਹ ਰੱਬੀ ਗੁਣਾਂ ਨੂੰ ਕਹਿੰਦਾ (ਜੀਵਨ 'ਚ ਉਤਾਰਦਾ) ਹੈ ਤਿਵੇਂ ਤਿਵੇਂ ਹੋਰ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ

**ਜੇਤਾ ਕੀਤਾ ਤੇਤਾ ਨਾਉ ॥**

ਤੇ ਇਹ ਸਭ ਪ੍ਰਾਪਤ ਕਰਕੇ (ਲੈ ਕੇ) ਵੀ ਉਹ ਇਹ ਜਾਣਦਾ ਹੈ ਕਿ ਇਹ ਸਭ ਜੋ ਵੀ ਸੋਹਣਾ ਬਦਲਾਅ ਅੰਦਰ ਬਣਿਆ ਹੈ, ਇਹ ਪਰਮਾਤਮਾ ਦੇ ਹੁਕਮ ਕਰਕੇ ਹੀ ਹੈ

**ਵਿਣੁ ਨਾਵੈ ਨਾਹੀ ਕੋ ਥਾਉ ॥**

ਪ੍ਰਭੂ ਦੇ ਹੁਕਮ (ਨਾਉ) ਨੂੰ ਮੰਨੇ ਬਿਨਾਂ ਹੋਰ ਕੋਈ ਥਾਂ (ਸਹਾਰਾ) ਨਹੀਂ ਹੈ ਮਨ ਨੂੰ ਟਿਕਾਉਣ ਦਾ

**ਕੁਦਰਤਿ ਕਵਣ ਕਹਾ ਵੀਚਾਰੁ ॥**

ਰੱਬੀ ਹੁਕਮ ਐਸੀ ਕੁਦਰਤ/ਕਲਾ ਵਰਤਾਉਂਦਾ ਹੈ ਜਿਸਨੂੰ ਕੋਈ ਬਿਆਨ ਨਹੀਂ ਕਰ ਸਕਦਾ

**ਵਾਰਿਆ ਨ ਜਾਵਾ ਏਕ ਵਾਰ ॥**

ਮਨ ਬਾਰ ਬਾਰ ਰੱਬੀ ਹੁਕਮ ਦੀ ਇਸ ਸੋਹਣੀ ਬਖਸ਼ਿਸ਼/ਰਚਨਾ ਤੋਂ ਵਾਰੇ-ਵਾਰੇ (ਖੁਦ ਨੂੰ ਪ੍ਰਭੂ ਦੇ ਹੁਕਮ ਨੂੰ ਸੌਂਪਦਾ) ਜਾਂਦਾ ਹੈ

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

(ਤੇ ਇਹ ਭਰੋਸਾ ਬਣਦਾ ਜਾਂਦਾ ਹੈ ਕਿ) ਜੋ ਸਾਡੇ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦੇ ਹੁਕਮ ਵਿੱਚ ਹੈ), ਓਹੀ (ਕਰਮ) ਕਰਨਾ ਸਭ ਤੋਂ ਭਲਾ ਹੈ

## ਤੂ ਸਦਾ **ਸਲਾਮਤਿ** ਨਿਰੰਕਾਰ ॥੧੯॥

ਤੇ ਇਹ ਕਹਿੰਦਾ ਹੈ ਕਿ, ਹੇ ਨਿਰੰਕਾਰ ਪਰਮਾਤਮਾ! ਤੂੰ ਹੀ ਮੇਰੇ ਅੰਦਰਲੇ ਸੰਸਾਰ ਨੂੰ ਸਦਾ (ਅਪਣੇ ਹੁਕਮ ਨਾਲ਼ ਵਿਕਾਰਾਂ ਤੋਂ) ਸਲਾਮਤ ਰੱਖਦਾ ਹੈਂ

**ਭਰੀਐ** ਹਥੁ **ਪੈਰੁ** ਤਨੁ ਦੇਹ ॥

ਜਿਵੇਂ ਸ਼ਰੀਰ ਮੈਲ਼ਾ ਹੋ ਜਾਵੇ ਤਾਂ

ਪਾਣੀ **ਧੋਤੈ** ਉਤਰਸੁ ਖੇਹ ॥

ਪਾਣੀ ਨਾਲ਼ ਉਹ ਮੈਲ਼ ਉਤਾਰੀ ਜਾਂਦੀ ਹੈ

ਮੂਤ **ਪਲੀਤੀ** ਕਪੜੁ ਹੋਇ ॥

ਕਪੜਾ-ਲੀੜਾ ਮੈਲ਼ਾ ਹੋ ਜਾਵੇ ਤਾਂ

ਦੇ **ਸਾਬੂਣੁ** ਲਈਐ ਓਹੁ ਧੋਇ ॥

ਸਾਬਣ-ਪਾਣੀ ਲੈ ਕੇ ਉਸਨੂੰ ਧੋ ਲਿਆ ਜਾਂਦਾ ਹੈ

ਭਰੀਐ **ਮਤਿ** ਪਾਪਾ ਕੈ ਸੰਗਿ ॥

ਇਹ ਮੇਰੀ ਮੱਤ ਪਾਪਾਂ/ਵਿਕਾਰਾਂ ਦੀ ਮੈਲ਼ ਨਾਲ਼ ਭਰੀ ਹੈ

ਓਹੁ **ਧੋਪੈ** ਨਾਵੈ ਕੈ ਰੰਗਿ ॥

ਇਹ ਮੈਲ਼ ਕੇਵਲ ਰੱਬੀ ਹੁਕਮ (ਨਾਉ) ਨੂੰ ਮੰਨ ਕੇ (ਦ੍ਰਿੜ ਕਰਕੇ) ਹੀ ਧੋਤੀ/ਉਤਾਰੀ ਜਾ ਸਕਦੀ ਹੈ

ਪੁੰਨੀ **ਪਾਪੀ** ਆਖਣੁ ਨਾਹਿ ॥

ਸਿਰਫ ਗੱਲਾਂਬਾਤਾਂ ਨਾਲ਼ ਅਸੀਂ ਚੰਗੇ ਜਾਂ ਮਾੜੇ ਨਹੀਂ ਹੋ ਜਾਂਦੇ

ਕਰਿ ਕਰਿ **ਕਰਣਾ** ਲਿਖਿ ਲੈ ਜਾਹੁ ॥

ਜਿੱਦਾਂ ਜਿੱਦਾਂ ਅਸੀਂ ਅਪਣੇ ਅੰਦਰਲੇ ਵਿਚਾਰਾਂ ਨੂੰ ਬਣਾਈ ਜਾਂਦੇ ਹਾਂ ਓਦਾਂ ਓਦਾਂ ਅਸੀਂ ਅੰਦਰੋਂ ਚੰਗੇ ਜਾਂ ਬੁਰੇ ਬਣਦੇ ਜਾਂਦੇ ਹਾਂ

### ਆਪੇ **ਬੀਜਿ** ਆਪੇ ਹੀ ਖਾਹੁ ॥

ਮਨ ਦੀ ਧਰਤੀ ਵਿੱਚ ਜੈਸੇ ਵਿਚਾਰ ਬੀਜਦੇ/ਪਾਉਂਦੇ ਹਾਂ, ਓਦਾਂ ਦੇ ਹੀ ਚੰਗੇ-ਮਾੜੇ ਸੁਭਾਅ ਨੂੰ ਮਨ ਖਾਂਦਾ (ਧਾਰਣ ਕਰੀ ਜਾਂਦਾ) ਹੈ

### ਨਾਨਕ **ਹੁਕਮੀ** ਆਵਹੁ ਜਾਹੁ ॥੨੦॥

ਇਨ੍ਹਾ (ਖੱਟੇ-ਕਮਾਏ ਹੋਏ) ਸੁਭਾਵਾਂ ਕਰਕੇ ਹੀ ਰੱਬੀ ਨੇਮ/ਹੁਕਮ ਵਿੱਚ ਅਸੀਂ ਅੰਦਰੋਂ ਸੁੱਖ-ਦੱਖ 'ਚ ਪੈਂਦੇ-ਨਿਕਲ਼ਦੇ ਰਹਿੰਦੇ ਹਾਂ

### ਤੀਰਥੁ **ਤਪੁ** ਦਇਆ ਦਤੁ ਦਾਨੁ ॥

ਬਾਹਰੋਂ ਧਰਮ ਦੇ ਨਾਂਅ 'ਤੇ ਤੀਰਥਾਂ 'ਤੇ ਜਾਣ. ਜਾਂ ਦਇਆ ਵੱਸ ਹੋ ਕੇ ਦਾਨ ਕਰਨ ਵਾਲ਼ਾ ਸੁਭਾਅ

### ਜੇ ਕੋ **ਪਾਵੈ** ਤਿਲ ਕਾ ਮਾਨੁ ॥

ਜੇ ਦੇਵੇ ਵੀ ਤਾਂ ਬਹੁਤ ਥੋੜਾ ਮਾਣ/ਵਡਿਆਈ ਦੇਂਦਾ ਹੈ (ਕਿਉਂਕਿ ਅੰਦਰੋਂ ਜੇ ਬਦਲਾਅ ਨਹੀਂ ਆਇਆ ਤਾਂ ਸਭ ਵਿਅਰਥ ਹੈ)

### ਸੁਣਿਆ **ਮੰਨਿਆ** ਮਨਿ ਕੀਤਾ ਭਾਉ ॥

ਪਰ ਜਦੋਂ ਅੰਦਰਲੇ ਪ੍ਰਭੂ ਨੂੰ ਸੁਣ-ਮੰਨ ਕੇ ਉਸ ਤੇ ਪ੍ਰੇਮ/ਭਰੋਸਾ ਕੀਤਾ ਜਾਵੇ ਤਾਂ

### ਅੰਤਰਗਤਿ **ਤੀਰਥਿ** ਮਲਿ ਨਾਉ ॥

ਅੰਦਰ ਹੀ ਐਸਾ ਤੀਰਥ ਬਣ ਜਾਂਦਾ ਹੈ ਜਿੱਥੇ ਸਾਡਾ ਮਨ ਨਿਰੰਤਰ ਅਪਣੀ ਮੈਲ਼ ਲਾਹੁੰਦਾ ਹੈ

### ਸਭਿ ਗੁਣ **ਤੇਰੇ** ਮੈ ਨਾਹੀ ਕੋਇ ॥

ਐਸੇ ਮਨ ਨੂੰ ਅਹਿਸਾਸ ਹੁੰਦਾ ਹੈ ਕਿ ਅੰਦਰ ਬੈਠਾ ਰੱਬ ਗੁਣਾਂ ਦਾ ਸਾਗਰ ਹੈ ਤੇ ਮੈਂ ਉਨ੍ਹਾਂ ਗੁਣਾਂ ਤੋਂ ਸੱਖਣਾ ਹਾਂ

ਵਿਣੁ ਗੁਣ **ਕੀਤੇ** ਭਗਤਿ ਨ ਹੋਇ ॥

ਤੇ ਜੇ ਮੈਂ ਉਨ੍ਹਾਂ ਰੱਬੀ ਗੁਣਾਂ ਨੂੰ ਧਾਰਣ ਨਹੀਂ ਕੀਤਾ (ਜੀਵਨ 'ਚ ਨਹੀਂ ਉਤਾਰਿਆ) ਤਾਂ ਕੋਈ ਭਗਤੀ ਨਹੀਂ ਹੋਈ (ਬਾਹਰੀ ਤੀਰਥ-ਪੂਜਾ-ਦਾਨ ਭਗਤੀ ਨਹੀਂ ਹੈ)

ਸੁਅਸਤਿ **ਆਥਿ** ਬਾਣੀ ਬਰਮਾਉ ॥

ਇੰਜ ਸਮਝ ਕੇ ਮਨ ਸੁਹਣੀ ਬਣਤਰ ਬਣਾਉਣ ਵਾਲ਼ੀ ਬਾਣੀ (ਰੱਬੀ ਅਵਾਜ਼) ਦੀ ਸ਼ਰਨ 'ਚ ਖੁਦ ਨੂੰ ਸੌਂਪਦਾ ਹੈ

ਸਤਿ **ਸੁਹਾਣੁ** ਸਦਾ ਮਨਿ ਚਾਉ ॥

ਜਿਸ ਨਾਲ਼ ਮਨ ਅੰਦਰ ਸਦਾ ਖੁਸ਼ੀ ਤੇ (ਸਚਿਆਰ/ਪਵਿੱਤਰ ਹੋਣ ਦਾ) ਚਾਅ ਬਣਦਾ ਹੈ

ਕਵਣੁ ਸੁ **ਵੇਲਾ** ਵਖਤੁ **ਕਵਣੁ** ਕਵਣ **ਥਿਤਿ** ਕਵਣੁ ਵਾਰੁ ॥

(ਐਸੇ ਚਾਅ/ਸਹਿਜ ਵਾਲ਼ੇ ਮਨ 'ਚ ਕੋਈ ਬੇਸਬਰੀ/ਕਾਹਲ਼ੀ ਤੇ ਭਰਮ ਨਹੀਂ ਰਹਿੰਦਾ ਕਿ) ਕਿਹੜੇ ਵੇਲ਼ੇ, ਕਿਹੜੀ ਤਰੀਕ ਤੇ ਕਿਹੜੇ ਵਾਰ ਨੂੰ

ਕਵਣਿ ਸਿ **ਰੁਤੀ** ਮਾਹੁ **ਕਵਣੁ** ਜਿਤੁ ਹੋਆ ਆਕਾਰੁ ॥

ਕਿਹੜੀ ਰੁੱਤ ਤੇ ਕਿਹੜੇ ਮਹੀਨੇ ਮੇਰੇ ਅੰਦਰ ਰੱਬੀ ਗੁਣਾਂ ਨਾਲ਼ ਪ੍ਰਭੂ ਵਾਲ਼ਾ ਅਕਾਰ (ਰੂਪ) ਬਣੇਗਾ। (ਉਹ ਨਿਰੰਤਰ ਸਬਰ-ਸਹਿਜ ਨਾਲ਼ ਰੱਬੀ ਗੁਣ ਧਾਰਣ ਕਰਦਾ ਹੈ; ਕਿਸੇ ਖਾਸ ਸਮੇਂ ਦਾ ਇੰਤਜ਼ਾਰ ਨਹੀਂ ਕਰਦਾ)

ਵੇਲ ਨ ਪਾਈਆ **ਪੰਡਤੀ** ਜਿ ਹੋਵੈ ਲੇਖੁ ਪੁਰਾਣੁ ॥

ਮੈਂ ਬਾਹਰੋਂ ਪੰਡਤ ਹੋ ਕੇ ਗ੍ਰੰਥ ਤਾਂ ਲਿਖ ਸਕਦਾ ਹਾਂ ਪਰ ਅੰਦਰ ਪ੍ਰਭੂ ਨਾਲ਼ ਮਿਲਾਪ ਦਾ ਵੇਲ਼ਾ/ਮੌਕਾ ਬਾਹਰੀ ਵਿਦਵੱਤਾ ਨਾਲ਼ ਨਹੀਂ ਮਿਲ਼ਦਾ

ਵਖਤੁ ਨ ਪਾਇਓ **ਕਾਦੀਆ** ਜਿ ਲਿਖਨਿ ਲੇਖੁ ਕੁਰਾਣੁ ॥

ਕੋਈ ਕਾਜ਼ੀ ਹੋ ਕੇ ਕੁਰਾਨ ਦੇ ਉਤਾਰੇ ਤਾਂ ਕਰ ਸਕਦਾ ਹੈ ਪਰ ਅੰਦਰਲੇ ਮੌਲਾ ਨੂੰ ਮਿਲਣ ਦਾ ਵਕਤ/ਮੌਕਾ ਇਨ੍ਹਾਂ ਬਾਹਰੀ ਜਤਨਾਂ ਨਾਲ਼ ਹਾਸਲ ਨਹੀਂ ਹੁੰਦਾ

**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**

ਕੋਈ ਜੋਗੀ ਹੋ ਕੇ ਬਾਹਰੀ ਜੋਗ ਸਾਧਨਾ ਨਾਲ਼ ਵੀ ਉਸ ਥਿੱਤ-ਵਾਰ-ਰੁੱਤ-ਮਹੀਨੇ ਨੂੰ ਨਹੀਂ ਕਹਿ (ਥਾਪ) ਸਕਦਾ। (ਇਹ ਨਿਰੰਤਰ ਅੰਦਰ ਚੱਲਣ ਵਾਲ਼ੀ ਕਿਰਿਆ ਹੈ)

**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**

ਰੱਬੀ ਹੁਕਮ ਨੂੰ ਮੰਨ ਕੇ ਚੱਲਣ ਵਾਲ਼ਾ ਮਨ ਆਪ ਇਹ ਜਾਣ ਲੈਂਦਾ ਹੈ ਕਿ ਮੇਰੇ ਅੰਦਰ ਭਲੇ ਵਿਚਾਰਾਂ ਦੇ ਸੋਹਣੇ ਸੰਸਾਰ ਦੀ ਸਿਰਜਣਾ ਕਰਤਾ ਪੁਰਖ ਹੀ ਕਰਦਾ ਹੈ

**ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥**

ਇਸ ਨਵੀਂ ਘਾੜਤ ਨੂੰ ਮੈਂ ਅਪਣੇ ਮਨ ਦੀ ਮੱਤ ਨਾਲ਼ ਨਾ ਆਖ/ਬਣਾ ਸਕਦਾ ਹਾਂ, ਨਾ ਸਲਾਹ ਸਕਦਾ ਹਾਂ, ਨਾ ਹੀ ਜਾਣ ਸਕਦਾ ਹਾਂ

**ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ ॥**

ਭਾਂਵੇਂ ਮੇਰੇ ਮਨ ਦੀ ਮੱਤ ਵਿੱਚ ਕਹਿਣ ਨੂੰ ਇੱਕ ਤੋਂ ਇੱਕ ਸਿਆਣੇ ਸਾਰੇ ਵਿਚਾਰ ਨੇ (ਪਰ ਇਹ ਸਹਸ ਸਿਆਣਪਾਂ ਉਸ ਰਾਹ ਵੱਲ ਨਹੀਂ ਜਾਂਦੀਆਂ)

**ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥**

ਮੇਰੇ ਅੰਦਰ ਬੈਠਾ ਮਾਲਕ ਪਰਮਾਤਮਾ ਹੀ ਵੱਡਾ/ਸਿਆਣਾ ਹੈ, ਉਸਦਾ ਹੁਕਮ ਹੀ ਸਭ ਤੋਂ ਵੱਡਾ/ਭਲਾ ਹੈ ਜਿਸ ਨਾਲ਼ ਮੇਰੇ ਅੰਦਰ ਚੰਗਾ ਕੀਤਾ ਜਾ ਸਕਦਾ ਹੈ

**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥**

ਤੇ ਜੇਕਰ ਕੋਈ ਇਹ ਸਮਝੇ ਕਿ ਮਨ ਦੀ ਮੱਤ/ਚਤੁਰਾਈ ਨਾਲ਼ ਮੈਂ ਆਪ ਕਰ ਲਵਾਂਗਾ ਤਾ ਉਸ ਰਾਹ ‘ਤੇ ਅੱਗੇ ਨਹੀਂ ਵੱਧ ਸਕਦਾ ਜਿੱਧਰ ਰੱਬੀ ਗੁਣਾਂ ਵਾਲ਼ੀ ਸ਼ੋਭਾ/ ਵਡਿਆਈ ਹੈ

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥**

(ਮਨ ਦੀ ਮੱਤ/ਚਤੁਰਾਈ ਕੇਵਲ ਬਾਹਰੀ ਸੰਸਾਰ ਦਾ ਅੰਤ ਲੱਭਣ ਤੁਰਦੀ ਹੈ, ਪਰ ਇਹ ਨਹੀਂ ਸਮਝ ਪਾਉਂਦੀ ਕਿ) ਮੇਰੇ ਅੰਦਰ ਹੀ ਬੇਅੰਤ ਅਕਾਸ਼/ਉਚਾਈਆਂ ਨੇ ਜਿੱਥੇ ਮਨ ਗੁਣ ਲੈ ਕੇ ਪੁੱਜ ਸਕਦਾ ਹੈ, ਤੇ ਬੇਅੰਤ ਹੀ ਪਤਾਲ਼/ਗਹਿਰਾਈਆਂ ਨੇ ਜਿੱਥੇ ਔਗੁਣਾਂ ਕਰਕੇ ਡਿੱਗਦਾ ਜਾਂਦਾ ਹੈ

**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥**

ਇਨ੍ਹਾਂ ਦੋਹਾਂ ਦੇ ਵਿੱਚ ਭਟਕਦਾ ਮਨ ਓਦੋਂ ਰੁੱਕਦਾ ਹੈ ਜਦ ਅੰਦਰਲਾ ਵੇਦ/ਗਿਆਨ ਜੋ ਕਹਿੰਦਾ/ਬੋਲਦਾ ਹੈ ਉਸ ਇੱਕ ਹੁਕਮੀ ਨੂੰ ਮੰਨ ਲੈਂਦਾ ਹੈ

**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥**

ਜਦ ਬਾਹਰਲੇ ਅਕਾਸ਼, ਪਤਾਲ਼ ਜਾਂ ਅਠਾਰ੍ਹਾਂ ਹਜ਼ਾਰ ਆਲਮ ਦੀਆਂ ਗਿਣਤੀਆਂ ਛੱਡ ਕੇ ਮਨ ਇੱਕ ਅੰਦਰਲੇ ਤੱਤ ਗਿਆਨ ਨੂੰ ਸੁਣਦਾ/ਮੰਨਦਾ ਹੈ

**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**

ਫਿਰ ਇਸ ਮਨ ਦੀ ਦੌੜ ਹੀ ਮੁੱਕ ਜਾਂਦੀ ਹੈ ਤੇ ਇਹ ਜਾਣ ਜਾਂਦਾ ਹੈ ਕਿ ਇਨ੍ਹਾਂ ਗਿਣਤੀਆਂ-ਮਿਣਤੀਆਂ 'ਚੋਂ ਕੁਝ ਹਾਸਲ ਨਹੀਂ ਹੁੰਦਾ

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥**

ਸਗੋਂ ਇਹ ਮਨ ਓਦੋਂ ਵੱਡਾ (ਸਿਆਣਾ) ਹੁੰਦਾ ਹੈ ਜਦ (ਰੱਬ ਦੀ ਕੁਦਰਤ ਦਾ ਅੰਤ ਪਾਉਣ ਦੀ ਜਗ੍ਹਾ) ਅਪਣੇ ਆਪ ਦੀ ਖੋਜ ਕਰਕੇ ਖੁਦ ਨੂੰ ਜਾਣਦਾ ਹੈ (ਕਿ ਮੇਰੇ ਅੰਦਰ ਕਿੰਨਾ ਕੂੜ ਹੈ ਤੇ ਕਿਵੇਂ ਰੱਬੀ ਹੁਕਮ ਨਾਲ਼ ਉਸ ਕੂੜ ਨੂੰ ਦੂਰ ਕਰਨਾ ਹੈ)

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥**

ਗੱਲਾਂਬਾਤਾਂ ਨਾਲ਼ ਅੰਦਰ ਬੈਠੇ ਰੱਬ ਦੀ ਸਲਾਹ/ਹੁਕਮ ਨੂੰ ਅਸੀਂ ਜੀਵਨ 'ਚ ਨਹੀਂ ਉਤਾਰ ਸਕਦੇ

**ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥**

ਇਸ ਕੰਮ ਲਈ ਤਾਂ ਅਪਣੀ ਸਰਤ-ਮੱਤ-ਮਨ ਨੂੰ ਰੱਬੀ ਗਿਆਨ 'ਚ ਇੰਜ ਇੱਕ ਕਰ ਲਉ ਜਿਵੇਂ ਸਮੰਦਰ 'ਚ ਨਦੀਆਂ-ਨਾਲ਼ੇ ਮਿਲ਼ ਕੇ ਓਸੇ ਦਾ ਰੂਪ ਹੋ ਜਾਂਦੇ ਨੇ

**ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥**

ਰੱਬੀ ਗਿਆਨ ਦਾ ਸਮੁੰਦਰ ਗੁਣਾਂ ਦੇ ਵੱਡੇ ਤੇ ਅਪਾਰ ਖਜ਼ਾਨਿਆਂ ਨਾਲ਼ ਭਰਿਆ ਹੈ

**ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥**

ਜਦੋਂ ਕੋਈ ਪੂਰੀ ਨਿਮਰਤਾ/ਹਲੀਮੀ ਨਾਲ਼ ਰੱਬੀ ਹੁਕਮ/ਗਿਆਨ ਨੂੰ ਦ੍ਰਿੜ ਕਰਦਾ ਹੈ (ਭੁੱਲਦਾ ਨਹੀਂ) ਤਾਂ ਉਸਦਾ ਜੀਵਨ ਰੱਬੀ ਗੁਣਾਂ ਨਾਲ਼ ਐਨਾਂ ਵਿਸ਼ਾਲ ਹੁੰਦਾ ਹੈ ਜਿਸਦੀ ਤੁਲਨਾ ਨਹੀਂ ਕੀਤੀ ਜਾ ਸਕਦੀ

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥**

ਐਸੀ ਨਿਮਰਤਾ ਵਾਲ਼ਾ ਮਨ ਇਹ ਜਾਣ ਲੈਂਦਾ ਹੈ ਕਿ ਕੇਵਲ ਕਹਿਣ ਨਾਲ਼ ਪਰਮਾਤਮਾ ਦੀਆਂ ਸਿਫਤਾਂ/ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ

**ਅੰਤੁ ਨ ਕਰਣੈ ਦੇਣਿ ਨ ਅੰਤੁ ॥**

ਪ੍ਰਭੂ ਮੇਰੇ ਅੰਦਰ-ਬਾਹਰ ਜੋ ਬੇਅੰਤ ਕਰ ਰਿਹਾ ਹੈ ਮੈਂ ਉਸਦਾ ਦੇਣ ਨਹੀਂ ਦੇ ਸਕਦਾ

**ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥**

ਮੈਂ ਕਿੰਨਾਂ ਵੀ ਬਾਹਰੋਂ ਪੜ੍ਹ-ਸੁਣ ਕੇ ਉਸਨੂੰ ਵੱਡਾ ਕਹਿ ਲਵਾਂ, ਮੇਰੇ ਅੰਦਰ ਓਦ੍ਹੀਆਂ ਵਡਿਆਈਆਂ ਨੂੰ ਵੇਖਣ/ਖੋਜਣ ਦਾ ਕੋਈ ਅੰਤ/ਅਖੀਰ ਨਹੀਂ ਹੈ

**ਅੰਤੁ ਨ ਜਾਪੈ ਕਿਆ ਮਨਿ ਮੰਤੁ ॥**

ਮੈਂ ਤਾਂ ਉਸਦੀ ਰਚਨਾ ਵਿੱਚ ਮੇਰੇ ਅਪਣੇ ਮਨ ਦੇ ਭੇਤਾਂ (ਮੰਤਵ) ਦਾ ਵੀ ਅੰਤ ਨਹੀਂ ਪਾ ਸਕਦਾ

## ਅੰਤੁ ਨ **ਜਾਪੈ** ਕੀਤਾ ਆਕਾਰੁ ॥

ਪਰਮਾਤਮਾ ਨੇ ਕਿੰਨਾ ਅਕਾਰ ਮੇਰੇ ਅੰਦਰ (ਸੋਚਣ, ਕਰਣ, ਮਹਿਸੂਸ ਕਰਣ, ਰਚਨਾ ਕਰਣ ਵਰਗੇ ਬੇਅੰਤ ਗੁਣ) ਤੇ ਬਾਹਰ ਕੀਤਾ/ਬਣਾਇਆ ਹੈ, ਮੈਂ ਇਸਦਾ ਅੰਤ ਨਹੀਂ ਪਾ ਸਕਦਾ

## ਅੰਤੁ ਨ **ਜਾਪੈ** ਪਾਰਾਵਾਰੁ ॥

ਪਰਮਾਤਮਾ ਦੇ ਗੁਣਾਂ ਦਾ ਹਦ-ਬੰਨਾ ਨਹੀਂ ਪਾਇਆ ਜਾ ਸਕਦਾ (ਹਲੀਮੀ ਵਾਲ਼ਾ ਮਨ ਸਮਝ ਲੈਂਦਾ ਹੈ ਕਿ ਉਸਦੇ ਗੁਣਾਂ/ਦਾਤਾਂ ਦੀ ਗਿਣਤੀ-ਮਿਣਤੀ ਛੱਡ ਕੇ ਉਨ੍ਹਾਂ ਗੁਣਾਂ ਨੂੰ ਧਾਰਣ ਕਰਕੇ ਉਸ 'ਚ ਸਮਾਉਣਾ ਜ਼ਰੂਰੀ ਹੈ)

## ਅੰਤ **ਕਾਰਣਿ** ਕੇਤੇ ਬਿਲਲਾਹਿ ॥

ਜ਼ਿਆਦਾਤਰ ਲੋਕ ਰੱਬ ਦੀ ਕੁਦਰਤ ਤੇ ਦਾਤਾਂ ਦਾ ਅੰਤ ਪਾਉਣ (ਗਿਣਤੀਆਂ-ਮਿਣਤੀਆਂ) 'ਚ ਹੀ ਮਸਰੂਫ ਹੋ ਕੇ ਕਲਪਦੇ ਰਹਿ ਜਾਂਦੇ ਨੇ

## ਤਾ ਕੇ **ਅੰਤ** ਨ ਪਾਏ ਜਾਹਿ ॥

ਪਰ (ਵਡਿਆਈ, ਦਾਤਾਂ, ਹੋਂਦ-ਅਣਹੋਂਦ ਆਦਿਕ) ਦੀਆ ਬਹਿਸਾਂ/ਗਿਣਤੀਆਂ 'ਚ ਪਏ ਲੋਕ (ਇਹ ਜਾਣਦੇ ਹੀ ਨਹੀਂ ਕਿ) ਉਸਦੇ ਅੰਤ ਨੂੰ ਪਾ ਨਹੀਂ ਸਕਦੇ

## ਏਹੁ **ਅੰਤੁ** ਨ ਜਾਣੈ ਕੋਇ ॥

ਅਸਲ 'ਚ ਉਹ ਇਹ ਅਖੀਰਲੀ ਗੱਲ (ਅੰਤ) ਨਹੀਂ ਜਾਣਦੇ ਕਿ

## ਬਹੁਤਾ **ਕਹੀਐ** ਬਹੁਤਾ ਹੋਇ ॥

ਜਿੰਨਾਂ ਜ਼ਿਆਦਾ ਅਸੀਂ ਉਸਦੀ ਰਚਨਾ ਤੇ ਗੁਣਾਂ ਬਾਰੇ ਗੱਲ/ਚਰਚਾ ਕਰਦੇ ਹਾਂ, ਓਨਾਂ ਜ਼ਿਆਦਾ ਹੋਰ ਕਹਿਣਾ/ਸਮਝਣਾ ਰਹਿ ਜਾਂਦਾ ਹੈ

## ਵਡਾ **ਸਾਹਿਬੁ** ਊਚਾ ਥਾਉ ॥

ਪਰ ਰੱਬੀ ਹੁਕਮ ਨੂੰ ਮੰਨਣ ਵਾਲ਼ਾ ਮਨ ਜਾਣ ਲੈਂਦਾ ਹੈ ਕਿ ਉਹ ਵੱਡਾ ਰੱਬ ਜੋ ਮੇਰੇ ਅੰਦਰ ਹੈ, ਉਸਦਾ ਮੇਰੇ ਅੰਦਰ ਟਿਕਾਣਾ/ਥਾਂ ਸਭ ਤੋਂ ਉੱਚਾ/ਪਵਿੱਤਰਤਾ ਵਾਲ਼ਾ ਹੈ

ੴ

**ਊਚੇ ਊਪਰਿ ਊਚਾ ਨਾਉ ॥**

ਤੇ ਜਿਵੇਂ ਜਿਵੇਂ ਮੈਂ ਮੈਂ ਅਪਣੇ ਵਿਚਾਰਾਂ ਉੱਪਰ ਉਸਦੇ ਉੱਚੇ ਨਿਯਮਾਂ (ਨਾਉ)/ਹੁਕਮ ਨੂੰ ਧਰਦਾ ਹਾਂ, ਤਿਵੇਂ ਤਿਵੇਂ ਮੈਂ ਵੀ ਉੱਚਾ/ਸਚਿਆਰ ਹੁੰਦਾ ਜਾਂਦਾ ਹਾਂ

**ਏਵਡੁ ਊਚਾ ਹੋਵੈ ਕੋਇ ॥**

ਇੰਜ ਰੱਬੀ ਗੁਣਾਂ ਨੂੰ ਧਾਰਣ ਕਰ ਕਰ ਕੇ ਜਦੋਂ ਕੋਈ ਉੱਚਾ/ਪਵਿੱਤਰ ਹੁੰਦਾ ਜਾਂਦਾ ਹੈ

**ਤਿਸੁ ਊਚੇ ਕਉ ਜਾਣੈ ਸੋਇ ॥**

ਓਹੀ ਅਪਣੇ ਨਿੱਜ ਵਿੱਚ ਵੱਸਦੇ ਉੱਚੇ/ਸਚਿਆਰ ਪਰਮਾਤਮਾ ਨੂੰ ਜਾਣ/ਮਿਲ਼ ਲੈਂਦਾ ਹੈ

**ਜੇਵਡੁ ਆਪਿ ਜਾਣੈ ਆਪਿ ਆਪਿ ॥**

ਜਿੰਨਾ ਉੱਚਾ/ਸਚਿਆਰ ਅੰਦਰ ਦਾ ਰੱਬ ਹੈ, ਉਹ ਅਪਣੇ ਆਪ ਨੂੰ ਜਾਣ/ਖੋਜ ਕੇ (ਕੂੜ ਛੱਡ ਗੁਣ ਲੈ ਕੇ) ਉਸ ਵਰਗਾ ਹੁੰਦਾ ਜਾਂਦਾ ਹੈ

**ਨਾਨਕ ਨਦਰੀ ਕਰਮੀ ਦਾਤਿ ॥੨੪॥**

ਹਲੀਮੀ ਵਾਲਾਂ ਮਨ ਅੰਦਰੋਂ ਰੱਬੀ ਗੁਣਾਂ ਨੂੰ ਧਾਰਣ ਕਰਕੇ ਸਚਿਆਰ ਹੋਣਾ ਹੀ ਉਸ ਪਰਮਾਤਮਾ (ਨਦਰੀ) ਦੀ ਬਖਸ਼ਿਸ਼ (ਕਰਮ) ਵਾਲ਼ੀ ਦਾਤ ਜਾਣਦਾ ਹੈ

**ਬਹੁਤਾ ਕਰਮੁ ਲਿਖਿਆ ਨਾ ਜਾਇ ॥**

ਜਦੋਂ ਰੱਬੀ ਗੁਣਾਂ ਦੀ ਬਹੁਤੀ/ਕੀਮਤੀ ਦਾਤ (ਕਰਮ) ਅਸੀਂ ਅਪਣੇ ਅੰਦਰ ਲਿਖਦੇ/ਦ੍ਰਿੜ ਕਰਦੇ ਜਾਂਦੇ ਹਾਂ, ਉਹ ਫਿਰ ਜਾਂਦੀ/ਮੁੱਕਦੀ ਨਹੀਂ

**ਵਡਾ ਦਾਤਾ ਤਿਲੁ ਨ ਤਮਾਇ ॥**

ਕਿਉਂਕਿ ਇਹ ਦਾਤਾਂ ਦੇਣ ਵਾਲ਼ੇ ਪਰਮਾਤਮਾ ਵਿੱਚ ਕੋਈ ਤਮ੍ਹਾ (ਲਾਲਚ, ਦਿਖਾਵਾ ਜਾਂ ਆਸ) ਨਹੀਂ ਹੈ; (ਹਲੀਮੀ ਵਾਲ਼ਾ ਮਨ ਵੀ ਇੰਜ ਸੰਤੋਖ ਵਿੱਚ ਆ ਜਾਂਦਾ ਹੈ)

**ਕੇਤੇ ਮੰਗਹਿ ਜੋਧ ਅਪਾਰ ॥**

ਰੱਬੀ ਰਾਹ 'ਤੇ ਤੁਰਨ ਵਾਲ਼ੇ ਨਿਰੰਤਰ ਉਹ ਅਪਾਰ ਬਲ/ਤਾਕਤ ਮੰਗਦੇ ਨੇ ਕਿ ਵਿਕਾਰਾਂ ਨਾਲ਼ ਜੂਝ ਸੱਕਣ

ਕੇਤਿਆ ਗਣਤ ਨਹੀ ਵੀਚਾਰੁ ॥

ਉਹ ਰੱਬੀ ਗੁਣਾ ਨੂੰ ਅਮਲ (ਵੀਚਾਰ) 'ਚ ਲਿਆਉਂਦੇ ਨੇ, ਤੇ ਗਿਣਤੀਆ 'ਚ ਨਹੀ ਪੈਂਦੇ ਕਿ ਮੈਂ ਕਿੰਨਾ ਕਰ ਲਿਆ

ਕੇਤੇ ਖਪਿ ਤੁਟਹਿ ਵੇਕਾਰ ॥

ਉਨਾਂ ਦੀ ਦ੍ਰਿੜ੍ਹਤਾ/ਕਿਰਦਾਰ ਸਾਮ੍ਹਣੇ ਬੇਅੰਤ ਵਿਕਾਰ ਵੀ ਖਪ-ਟੁੱਟ (ਖਤਮ ਹੁੰਦੇ) ਜਾਂਦੇ ਨੇ

ਕੇਤੇ ਲੈ ਲੈ ਮੁਕਰੁ ਪਾਹਿ ॥

ਪਵਿੱਤਰਤਾ ਵੱਲ ਵੱਧਦਾ ਮਨ ਰੱਬੀ ਗੁਣਾਂ ਨੂੰ ਲੈ ਲੈ ਕੇ ਵਿਕਾਰਾਂ/ਬੁਰੇ ਵਿਚਾਰਾਂ ਵੱਲੋਂ ਮੂੰਹ ਮੋੜਦਾ (ਮੁੱਕਰਦਾ) ਜਾਂਦਾ ਹੈ

ਕੇਤੇ ਮੂਰਖ ਖਾਹੀ ਖਾਹਿ ॥

ਉਹ ਅਪਣੇ ਅੰਦਰੋਂ ਮੂਰਖਤਾ/ਔਗਣਾਂ ਨੂੰ ਰੱਬੀ ਗਿਆਨ ਨਾਲ਼ ਖਤਮ ਕਰਦਾ ਜਾਂਦਾ ਹੈ

ਕੇਤਿਆ ਦੂਖ ਭੂਖ ਸਦ ਮਾਰ ॥

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਅਪਣੇ ਅੰਦਰ ਰੱਬ ਤੋਂ ਵਿਛੋੜੇ ਦੇ ਦੁੱਖ ਨੂੰ ਸਮਝ ਕੇ ਉਸਨੂੰ ਮਿਲਣ ਦੀ ਭੁੱਖ ਲੈ ਕੇ ਅੰਦਰਲੇ ਰੱਬ ਨੂੰ ਅਰਦਾਸ ਕਰਦੇ (ਸੱਦਾ/ਅਵਾਜ਼ ਮਾਰਦੇ) ਨੇ

ਏਹਿ ਭਿ ਦਾਤਿ ਤੇਰੀ ਦਾਤਾਰ ॥

ਇਹ ਪ੍ਰੇਮ ਦੀ ਦਾਤ ਵੀ ਉਸ ਪਰਮਾਤਮਾ ਦੇ ਹੁਕਮ 'ਚ ਖੁਦ ਦੀ ਖੋਜ ਕਰਨ 'ਤੇ ਮਿਲ਼ਦੀ ਹੈ

ਬੰਦਿ ਖਲਾਸੀ ਭਾਣੈ ਹੋਇ ॥

ਇੰਜ ਉਸਦੇ ਹੁਕਮ/ਭਾਣੇ 'ਚ ਜੀਊਣ ਵਾਲ਼ਾ ਮਨ ਵਿਕਾਰਾਂ ਦੇ ਬੰਧਨਾਂ ਤੋਂ ਖਲਾਸ/ਅਜ਼ਾਦ ਹੁੰਦਾ ਹੈ

ਹੋਰੁ ਆਖਿ ਨ ਸਕੈ ਕੋਇ ॥

ਐਸੇ ਮਨ ਨੂੰ ਕੋਈ ਵਿਕਾਰ (ਹੋਰ) ਕਿਸੇ ਪਾਸੇ ਪ੍ਰੇਰ (ਆਖ) ਨਹੀਂ ਸਕਦੇ

**ਜੇ ਕੋ ਖਾਇਕੁ ਆਖਣਿ ਪਾਇ ॥**

ਜੇ ਕੋਈ ਬਾਹਰੋਂ-ਅੰਦਰੋਂ ਬੁਰਾ ਵਿਚਾਰ ਆਉਂਦਾ ਵੀ ਹੈ ਤਾਂ

**ਓਹੁ ਜਾਣੈ ਜੇਤੀਆ ਮੁਹਿ ਖਾਇ ॥**

ਰੱਬੀ ਗਿਆਨ ਨਾਲ਼ ਸੂਝਵਾਨ (ਜਾਣਕਾਰ) ਹੋਏ ਮਨ ਪਾਸੋਂ ਉਹ ਵਿਚਾਰ ਮੂੰਹ ਦੀ ਖਾਂਦੇ (ਹਾਰ ਜਾਂਦੇ) ਨੇ

**ਆਪੇ ਜਾਣੈ ਆਪੇ ਦੇਇ ॥**

ਅਪਣੇ ਅੰਦਰਲੇ ਰੱਬੀ ਸਰੂਪ ਤੋਂ ਇਹ ਸੂਝ ਲੈਕੇ ਸਚਿਆਰ ਮਨ ਅਪਣੀਆ ਸਾਰੀਆਂ ਇੰਦ੍ਰੀਆਂ (ਅੱਖਾ, ਕੰਨ, ਨੱਕ, ਹੱਥ-ਪੈਰ ਆਦਿਕ) ਨੂੰ ਉਹ ਗਿਆਨ/ਦਿਸ਼ਾ ਆਪ ਦੇਂਦਾ ਹੈ

**ਆਖਹਿ ਸਿ ਭਿ ਕੇਈ ਕੇਇ ॥**

ਤੇ ਉਹ ਸਾਰੀਆਂ ਗਿਆਨ ਇੰਦ੍ਰੇ ਵੀ ਇਨ੍ਹਾਂ ਰੱਬੀ ਸੁਨੇਹਿਆਂ ਨੂੰ ਆਖਦੇ (ਮੰਨ ਲੈਂਦੇ) ਨੇ

**ਜਿਸਨੋ ਬਖਸੇ ਸਿਫਤਿ ਸਾਲਾਹ ॥**

ਜਿਸ ਮਨ ਨੂੰ ਰੱਬੀ ਸਿਫਤ-ਸਲਾਹ (ਰੱਬੀ ਗੁਣਾਂ) ਨੇ ਬਖਸ਼ ਲਿਆ (ਵਿਕਾਰਾਂ/ ਬੁਰਾਈਆਂ ਤੋਂ ਬਚਾ ਲਿਆ)

**ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥**

ਉਹ ਮਨ ਪਾਤਸ਼ਾਹ ਬਣ ਕੇ ਅਪਣੇ ਅੰਦਰਲੇ ਸੰਸਾਰ ਤੇ ਰਾਜ ਕਰਦਾ ਹੈ (ਵਿਕਾਰਾਂ/ ਭੈੜੀ ਮੱਤ ਦਾ ਗੁਲਾਮ ਨਹੀਂ ਰਹਿੰਦਾ)

**ਅਮੁਲ ਗੁਣ ਅਮੁਲ ਵਾਪਾਰ ॥**

ਉਸ ਪਾਤਸ਼ਾਹ ਮਨ ਕੋਲ ਅਨਮੋਲ ਰੱਬੀ ਗੁਣਾਂ ਦਾ ਖਜ਼ਾਨਾ ਹੈ, ਤੇ ਉਹ ਇਨ੍ਹਾਂ ਨੂੰ ਹੀ ਖੱਟਣ ਦਾ ਅਨਮੋਲ ਵਪਾਰ ਕਰਦਾ ਹੈ

**ਅਮੁਲ ਵਾਪਾਰੀਏ ਅਮੁਲ ਭੰਡਾਰ ॥**

ਰੱਬੀ ਗੁਣਾਂ ਨੂੰ ਖੱਟਣ (ਦ੍ਰਿੜ ਕਰਨ) ਵਾਲ਼ਾ ਮਨ ਅਨਮੋਲ/ਸੁਚੱਜਾ ਵਪਾਰੀ ਹੈ ਕਿਉਂਕਿ ਉਹ ਅਨਮੋਲ ਗੁਣਾਂ ਦੇ ਭੰਡਾਰ ਇਕੱਠੇ (ਜੀਵਨ 'ਚ ਅਮਲ) ਕਰਦਾ ਹੈ

**ਅਮੁਲ ਆਵਹਿ ਅਮੁਲ ਲੈ ਜਾਹਿ ॥**

ਰੱਬੀ ਹੁਕਮ 'ਚ ਜੀਉਣ ਵਾਲ਼ਾ ਅਪਣੇ ਅੰਦਰ ਅਨਮੋਲ ਪ੍ਰਭੂ ਕੋਲ ਆ ਕੇ ਉਸਦੇ ਬੇਸ਼ਕੀਮਤੀ ਹੁਕਮ/ਗਿਆਨ ਨੂੰ ਲਈ ਜਾਂਦਾ ਹੈ

**ਅਮੁਲ ਭਾਇ ਅਮੁਲਾ ਸਮਾਹਿ ॥**

ਉਸਨੂੰ ਅਨਮੋਲ ਰੱਬੀ ਗੁਣ ਭਾਅ ਜਾਂਦੇ ਨੇ ਜਿਨ੍ਹਾਂ ਨੂੰ ਦ੍ਰਿੜ ਕਰਕੇ ਉਹ ਅਪਣੇ ਅੰਦਰ ਵੱਸਦੇ ਰੱਬ 'ਚ ਸਮਾਇਆ ਰਹਿੰਦਾ ਹੈ

**ਅਮੁਲੁ ਧਰਮੁ ਅਮੁਲੁ ਦੀਬਾਣੁ ॥**

ਉਹ ਸਚਿਆਰ ਮਨ ਰੱਬੀ ਹੁਕਮ ਦੇ ਅਨਮੋਲ/ਬੇਸ਼ਕੀਮਤੀ ਧਰਮ (ਸੁਚੱਜੀ ਜੀਵਨ ਜਾਚ) ਨੂੰ ਧਾਰਣ ਕਰਕੇ ਸਦਾ ਅਪਣੇ ਅੰਦਰ ਪਵਿੱਤਰ ਰੱਬੀ ਦੀਵਾਨ (ਜੀਵਨ ਦੇ ਫੈਸਲਿਆਂ ਲਈ) ਰੱਖਦੇ ਨੇ

**ਅਮੁਲੁ ਤੁਲੁ ਅਮੁਲੁ ਪਰਵਾਣੁ ॥**

ਇਸ ਅੰਦਰੂਨੀ ਅਮੁੱਲ ਦੀਬਾਣ ਵਿੱਚ ਰੱਬੀ ਹੁਕਮ ਨਾ਼ਲ ਮਨ ਆਪ ਅਪਣੇ ਅੰਦਰ ਦੇ ਚੰਗੇ-ਮਾੜੇ ਵਿਚਾਰਾ ਨੂੰ ਤੋਲਦਾ ਤੇ ਫੈਸਲਾ ਕਰਦਾ ਹੈ ਕਿ ਕੀ ਰੱਖਣਾ ਹੈ ਤੇ ਕੀ ਨਹੀਂ

**ਅਮੁਲੁ ਬਖਸੀਸ ਅਮੁਲੁ ਨੀਸਾਣੁ ॥**

ਇੰਜ ਅਪਣੇ ਅੰਦਰੋਂ ਵਿਕਾਰਾਂ ਨੂੰ ਦੂਰ ਕਰਕੇ ਨਿਰੰਤਰ ਅਨਮੋਲ ਰੱਬੀ ਬਖਸ਼ਿਸ਼ ਲੈਕੇ ਰੱਬੀ ਮਿਲਾਪ ਦੇ ਬੇਸ਼ਕੀਮਤੀ ਟੀਚੇ (ਨਿਸ਼ਾਨ) ਵੱਲ ਵੱਧਦਾ ਹੈ

**ਅਮੁਲੁ ਕਰਮੁ ਅਮੁਲੁ ਫੁਰਮਾਣੁ ॥**

ਇਸ ਰਾਹ ਉੱਤੇ ਅਨਮੋਲ ਰੱਬੀ ਕਰਮ (ਗਿਆਨ) ਤੇ ਬੇਸ਼ਕੀਮਤੀ ਫੁਰਮਾਨ/ਹੁਕਮ ਉਸਦੀ ਰਹਿਨੁਮਾਈ ਕਰਦੇ ਨੇ

ਅਮੁਲੋ **ਅਮੁਲੁ** ਆਖਿਆ ਨ ਜਾਇ ॥

ਇੰਝ ਰੱਬੀ ਗੁਣਾਂ ਨੂੰ ਦ੍ਰਿੜ ਕਰਦਾ ਮਨ ਅਨਮੋਲ ਤੋਂ ਅਨਮੋਲ ਹੁੰਦਾ ਜਾਂਦਾ ਹੈ; ਇਹ ਅਵਸਥਾ ਆਖਣ (ਗੱਲਾਂਬਾਤਾਂ) ਨਾਲ਼ ਨਹੀਂ ਬਣਦੀ

ਆਖਿ **ਆਖਿ** ਰਹੇ ਲਿਵ ਲਾਇ ॥

ਗੱਲਾ ਵਾਲ਼ੇ ਤਾਂ ਬਥੇਰੇ ਲਿਵ ਜੋੜ ਕੇ ਗੱਲਾ ਕਰਦੇ ਰਹਿ ਗਏ

**ਆਖਹਿ** ਵੇਦ ਪਾਠ ਪੁਰਾਣ ॥

ਬਥੇਰੇ ਗਿਆਨ ਦੀਆਂ ਗੱਲਾਂ ਕਹਿਣ ਵਾਲ਼ੇ ਗ੍ਰੰਥ ਲਿਖ ਗਏ

**ਆਖਹਿ** ਪੜੇ ਕਰਹਿ ਵਖਿਆਣ ॥

ਫਿਰ ਉਨ੍ਹਾਂ ਗ੍ਰੰਥਾ ਨੂੰ ਪੜ੍ਹ ਕੇ ਆਖਣ ਵਾਲ਼ੇ ਵੀ ਬਹੁਤ ਹੋਏ

ਆਖਹਿ **ਬਰਮੇ** ਆਖਹਿ ਇੰਦ ॥

ਗੱਲਾਬਾਤਾ ਵਿੱਚ ਬਥੇਰੇ ਗਿਆਨ ਦੇ ਲਿਖਾਰੀ ਤੇ ਸੁਰਗਾਂ ਦੇ ਰਾਜੇ ਬਣ ਬਣ ਬਹਿੰਦੇ ਨੇ

ਆਖਹਿ **ਗੋਪੀ** ਤੈ ਗੋਵਿੰਦ ॥

ਗੱਲਾਂ 'ਚ ਹੀ ਬਹੁਤ ਰੱਬ ਬਣਦੇ ਤੇ ਬਥੇਰੇ ਉਸਦੇ ਚੇਲੇ-ਚੇਲੀਆ ਬਣ ਜਾਂਦੇ ਨੇ

ਆਖਹਿ **ਈਸਰ** ਆਖਹਿ ਸਿਧ ॥

ਆਖਣ/ਕਹਿਣ 'ਚ ਤਾਂ ਬਥੇਰੇ ਦੁਨੀਆਂ ਨੂੰ ਪਾਲਣ ਵਾਲ਼ੇ ਤੇ ਗੱਲਾਂ 'ਚ ਹੀ ਪੂਰਨ ਪੁਰਖ ਅਖਵਾਉਂਦੇ ਨੇ

**ਆਖਹਿ** ਕੇਤੇ ਕੀਤੇ ਬੁਧ ॥

ਸਿਰਫ ਗੱਲਾਬਾਤਾਂ ਨਾਲ਼ ਤਾਂ ਬਹੁਤ ਸਾਰੇ ਰੌਸ਼ਨ ਦਿਮਾਗ ਬਣੀ ਬੈਠੇ ਨੇ

ਆਖਹਿ **ਦਾਨਵ** ਆਖਹਿ ਦੇਵ ॥

ਲੋਕ ਗੱਲਾਂ ਨਾਲ਼ ਹੀ ਕਿਸੇ ਨੂੰ ਚੰਗਾ (ਦੇਵਤਾ) ਤੇ ਕਿਸੇ ਨੂੰ ਬੁਰਾ (ਦਾਨਵ) ਥਾਪੀ ਜਾਂਦੇ ਨੇ

**ਆਖਹਿ ਸੁਰਿ ਨਰ ਮੁਨਿ ਜਨ ਸੇਵ ॥**

ਮੂੰਹਜ਼ੁਬਾਨੀ ਗੱਲਾਂ ਲੋਕਾਂ ਕੋਲੋਂ ਕਿਸੇ ਨੂੰ ਰਿਸ਼ੀ-ਮੁਨੀ ਮਨਵਾ ਕੇ ਸੇਵਾ ਵੀ ਕਰਵਾਈ ਜਾਂਦੀਆਂ ਨੇ

**ਕੇਤੇ ਆਖਹਿ ਆਖਣਿ ਪਾਹਿ ॥**

ਕਈ ਇੰਜ ਆਖ ਆਖ ਕੇ (ਗੱਲਾਬਾਤਾਂ ਨਾ.ਲ) ਸਚਿਆਰ ਹੋਣ ਦਾ ਜਤਨ ਕਰਦੇ ਨੇ

**ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥**

ਕਈ ਇੰਜ ਕਹਿਣ ਕਹਿਣ 'ਚ ਹੀ ਉਮਰਾਂ ਲੰਘਾ ਜਾਂਦੇ ਨੇ

**ਏਤੇ ਕੀਤੇ ਹੋਰਿ ਕਰੇਹਿ ॥**

ਤੇ ਜਿੰਨੇ ਇੰਜ ਕਹਿਣ-ਕਹਾਉਣ 'ਚ ਖੁਦ ਨੂੰ ਖੁਦਾ ਸਾਬਤ ਕਰਦੇ ਚਲੇ ਗਏ ਐਨੇਂ ਹੋਰ ਵੀ ਅਖਣ (ਗੱਲਾਬਾਤਾਂ ਵਾ.ਲੇ) ਆ ਜਾਣ

**ਤਾ ਆਖਿ ਨ ਸਕਹਿ ਕੇਈ ਕੇਇ ॥**

ਤਾਂ ਵੀ ਉਸ ਅਨਮੋਲ ਅਵਸਥਾ ਨੂੰ ਕੇਵਲ ਕਹਿਣ-ਕਹਾਉਣ ਨਾ.ਲ ਹਾਸਲ ਨਹੀਂ ਕੀਤਾ ਜਾ ਸਕਦਾ

**ਜੇਵਡੁ ਭਾਵੈ ਤੇਵਡੁ ਹੋਇ ॥**

ਸਚਿਆਰ ਹੋਣ ਦਾ ਰਾਹ ਤਾਂ ਇਹ ਹੈ ਕਿ ਜੋ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ ਹੈ (ਉਸਦਾ ਹੁਕਮ ਹੈ) ਓਹੋ ਜਿਹੇ ਖੁਦ ਨੂੰ ਅੰਦਰੋਂ ਕਰੀ ਜਾਣਾ (ਰੱਬੀ ਗੁਣਾਂ ਨੂੰ ਜੀਵਨ 'ਚ ਉਤਾਰਣਾ)

**ਨਾਨਕ ਜਾਣੈ ਸਾਚਾ ਸੋਇ ॥**

ਇੰਝ ਕਰਕੇ ਹੀ ਅਸੀਂ ਉਸ ਪਰਮਾਤਮਾ ਨੂੰ ਅਪਣੇ ਅੰਦਰ ਜਾਣ/ਮਿ.ਲ ਸਕਦੇ ਹਾਂ

**ਜੇ ਕੋ ਆਖੈ ਬੋਲੁ ਵਿਗਾੜੁ ॥**

ਪਰ ਜੇ ਕੋਈ ਅਪਣੀ ਹਉਮੈ (ਵਿਗੜੇ ਬੋਲ) ਵਿੱਚ ਆਖੇ ਕਿ ਮੈਂ ਅਪਣੀ ਮੱਤ ਨਾ.ਲ ਰੱਬ ਪਾ ਲਵਾਂ, ਤਾਂ

**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

ਇਹ ਮੂਰਖਤਾ ਦਾ ਸ਼ਿਖਰ ਹੈ (ਹਉਮੈ ਵਾਲ਼ੀਆਂ ਸਹਸ ਸਿਆਣਪਾਂ ਰੱਬ ਦੇ ਦਰ 'ਤੇ ਕੰਮ ਨਹੀਂ ਆਉਂਦੀਆਂ)

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

ਹਉਮੈ ਵਾਲ਼ੀ ਮੱਤ ਛੱਡ ਕੇ ਮਨ ਅਪਣੇ ਅੰਦਰ ਵੱਸਦੇ ਰੱਬ ਦੇ ਦਰ/ਘਰ ਨੂੰ ਜਾਨਣਾ ਸ਼ੁਰੂ ਕਰਦਾ ਹੈ ਜਿੱਥੋਂ ਉਹ ਮਾਲਕ ਸਾਨੂੰ ਅਪਣੇ ਹੁਕਮ ਰਾਹੀਂ ਸੰਭਾਲ਼ਦਾ (ਜੀਵਨ ਦਾ ਰਾਹ ਦੱਸਦਾ) ਹੈ

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**

ਉਸਦੇ ਹੁਕਮ ਨੂੰ ਸੁਣ/ਮੰਨ ਕੇ ਸਾਡੇ ਅੰਦਰ ਦੇ ਅਨੇਕ/ਅਸੰਖ ਵਿਚਾਰ ਹੁਕਮ ਦੀ ਧੁਨ ਨੂੰ ਵਜਾਉਣ (ਦ੍ਰਿੜ ਕਰਨ) ਲੱਗ ਜਾਂਦ ਨੇ

**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

ਕਿੰਨੇ ਹੀ ਪ੍ਰੇਮ ਤੇ ਸੂਖਮ/ਸਰਲ ਉਪਦੇਸ਼ਾਂ ਨਾ਼ਲ ਰੱਬ ਅਪਣਾ ਸੁਨੇਹਾ ਸਾਨੂੰ ਕਹਿੰਦਾ/ਦੇਂਦਾ ਹੈ ਤੇ ਕਿੰਨੇ ਹੀ ਰੂਪਾਂ ਵਿੱਚ ਸਾਡਾ ਮਨ ਰੱਬੀ ਹੁਕਮ ਨੂੰ ਗਾਉਣ (ਜੀਵਨ 'ਚ ਧਾਰਣ ਕਰਨ) ਲੱਗ ਜਾਂਦਾ ਹੈ

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾਧਰਮੁ ਦੁਆਰੇ ॥**

ਹਵਾ-ਪਾਣੀ-ਅੱਗ(ਪੂਰੀ ਕੁਦਰਤ) ਜਿਵੇਂ ਸਹਿਜ ਸੁਭਾਅ ਹੁਕਮ 'ਚ ਚੱਲਦੀ ਹੈ, ਤਿਵੇਂ ਅਪਣੇ ਅੰਦਰ ਬੈਠੇ ਮਾਲਕ ਦੇ ਹੁਕਮ/ਧਰਮ ਅੱਗੇ ਇਹ ਮਨ (ਰਾਜਾ) ਗਾਉਂਦਾ (ਖੁਦ ਨੂੰ ਸੌਂਪ) ਦੇਂਦਾ ਹੈ

**ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥**

ਜੋ ਹੁਕਮ ਨੂੰ ਗਾਉਂਦਾ/ਦ੍ਰਿੜ ਕਰਦਾ ਹੈ ਉਹ ਅਪਣੇ ਅੰਦਰਲੇ ਗੁਪਤ (ਲੁਕੇ ਹੋਏ) ਵਿਕਾਰਾਂ ਵਾ਼ਲੇ ਪਾਸੇ (ਚਿੱਤਰ) ਨੂੰ ਪਛਾਣਦਾ ਹੈ, ਤੇ ਰੱਬੀ ਗਿਆਨ (ਧਰਮ) ਨੂੰ ਵਿਚਾਰ ਕੇ ਅਪਣੇ ਅੰਦਰ ਲਿਖਦਾ/ਦ੍ਰਿੜ ਕਰਦਾ ਹੈ

**ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥**

ਰੱਬੀ ਗਿਆਨ ਨੂੰ ਦ੍ਰਿੜ ਕਰਣ ਵਾਲ਼ਾ ਅਪਣੇ ਅੰਦਰ ਰੱਬੀ ਗੁਣਾਂ ਨੂੰ ਪਾਲਣ, ਸੋਹਣੇ ਵਿਚਾਰਾਂ ਨੂੰ ਰਚਣ ਤੇ ਵਿਕਾਰਾਂ ਤੋਂ ਛੁੱਟਕਾਰਾ ਦਵਾਉਣ ਵਾਲ਼ੀ ਸੋਹਣੀ ਮੱਤ ਨਾਲ਼ ਖੁਦ ਨੂੰ ਸਵਾਰ ਕੇ ਪ੍ਰਭੂ ਦੇ ਦਰ ‘ਤੇ ਸ਼ੋਭਾ ਪਾਉਂਦਾ ਹੈ

**ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਮਨ ਅੰਦਰ ਰਾਜ ਸਿੰਘਾਸਨ (ਉੱਚੀ ਰੌਸ਼ਨ ਮੱਤ ਵਾਲ਼ੀ ਅਵਸਥਾ) ਉੱਪਰ ਸ਼ੁਭ ਗੁਣਾਂ ਸਮੇਤ ਟਿਕ ਰਾਜਾ ਬਣ ਕੇ ਬੈਠਦਾ ਹੈ (ਓਸਦੇ ਅੰਦਰ ਹੀ ਸੁਅਰਗ ਦਾ ਰਾਜ ਹੈ)

**ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥**

ਰੱਬੀ ਹੁਕਮ ਨੂੰ ਗਾਉਣ ਵਾਲ਼ਾ (ਜੀਵਨ ‘ਚ ਧਾਰਣ ਕਰਨ ਵਾਲ਼ਾ) ਹੀ ਅੰਦਰੋਂ ਪੂਰਾ (ਸਿੱਧ) ਹੁੰਦਾ ਹੈ ਕਿਉਂਕਿ ਉਸਦਾ ਨਿਰੰਤਰ ਧਿਆਨ (ਸਮਾਧੀ) ਗੁਰੂ ਗਿਆਨ ‘ਚ ਹੈ। ਹੁਕਮ ਨੂੰ ਗਾਉਣ ਵਾਲ਼ੇ ਰੱਬੀ ਗਿਆਨ ਨੂੰ ਵਿਚਾਰ/ਅਪਣਾ ਕੇ ਖੁਦ ਨੂੰ ਅੰਦਰੋਂ ਸਾਧ ਲੈਂਦੇ ਨੇ

**ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥**

ਪ੍ਰਭੂ ਦੇ ਹੁਕਮ ਨੂੰ ਗਾਉਣ ਵਾਲ਼ੇ ਹੀ ਪਵਿੱਤਰ, ਦਾਨੀ, ਸੰਤੋਖੀ ਤੇ ਵਿਕਾਰਾਂ ਨਾਲ਼ ਜੂਝਣ ਵਾਲ਼ੇ ਵੀਰ/ਸੂਰਮੇ ਹੁੰਦੇ ਨੇ

**ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥**

ਰੱਬੀ ਹੁਕਮ/ਸੁਨੇਹੇ ਨੂੰ ਗਾਉਣ/ਮੰਨਣ ਵਾਲ਼ੇ ਹੀ ਅੰਦਰੋਂ ਨਿਰੰਤਰ (ਜੁਗ-ਜੁਗ) ਰੱਬੀ ਗਿਆਨ ਨੂੰ ਪੜ੍ਹ, ਵਿਚਾਰ, ਅਮਲ ਕਰਕੇ ਅਸਲ ਪੰਡਤ/ਰਿਸ਼ੀ ਹੁੰਦੇ ਨੇ

**ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥**

ਰੱਬੀ ਹੁਕਮ ਨੂੰ ਜੀਊਣ ਵਾਲ਼ੇ ਦੇ ਮਨ ਦਾ ਪੂਰਾ ਪਸਾਰਾ ਸੋਹਣੀਆਂ ਰੱਬੀ ਰਹਿਮਤਾਂ (ਗੁਣਾਂ) ਵੱਲ ਮੋਹਿਤ (ਪਿਆਰ ਨਾਲ਼ ਭਰਿਆ) ਰਹਿੰਦਾ ਹੈ

**ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥**

ਰੱਬ ਦੇ ਹੁਕਮ 'ਚ ਜੀਊਣ ਵਾਲ਼ਿਆਂ ਦੇ ਅੰਦਰ ਬੇਸ਼ਕੀਮਤੀ ਰੱਬੀ ਗਿਆਨ ਦੇ ਰਤਨ ਉਪਜਦੇ ਨੇ, ਤੇ ਅੰਦਰ ਹੀ ਉਸ ਗਿਆਨ ਦੇ ਤੀਰਥ ਬਣ ਜਾਂਦੇ ਨੇ

**ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥**

ਰੱਬੀ ਹੁਕਮ 'ਤੇ ਚੱਲਣ ਵਾਲ਼ੇ ਚਾਰੇ ਖਾਣੀਆਂ (ਹਰ ਤਰ੍ਹਾਂ) ਨਾਲ਼ ਅੰਦਰ ਵਿਕਾਰਾਂ ਨਾਲ਼ ਜੂਝਣ ਵਾਲ਼ੇ ਜੋਧੇ, ਮਹਾਬਲੀ, ਸੂਰਮੇ ਹੁੰਦੇ ਨੇ

**ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥**

ਪ੍ਰਭੂ ਦੇ ਹੁਕਮ ਨੂੰ ਗਾਉਣ (ਜੀਵਨ 'ਚ ਢਾਲਣ ਨਾਲ਼) ਸਾਡੇ ਅੰਦਰ ਦੇ ਸਾਰੇ ਛੋਟੇ ਤੋਂ ਵੱਡੇ ਵਿਚਾਰ ਰੱਬੀ ਹੁਕਮ ਨੂ ਧਾਰਣ ਕਰੀ ਰੱਖਦੇ ਨੇ

**ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥**

ਹੇ ਪ੍ਰਭੂ! ਤੇਰੇ ਹੁਕਮ ਨੂੰ ਓਹੀ ਦ੍ਰਿੜ ਕਰਦੇ ਨੇ ਜਿਨ੍ਹਾਂ ਦਾ ਚਿੱਤ ਤੇਰੇ (ਗੁਣਾਂ) ਵੱਲ ਲੱਗਾ ਹੈ, ਤੇ ਓਹੀ ਤੇਰੀ ਭਗਤੀ (ਗੁਣਾਂ ਨੂੰ ਜੀਵਨ 'ਚ ਉਤਾਰਨ) ਦਾ ਰਸ ਮਾਣਦੇ ਨੇ

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥**

ਓਨਾਂ ਬਾਰੇ ਮੈਂ ਕੀ ਵਿਚਾਰ ਕਰਾਂ (ਕੁਝ ਕਿਹਾ ਹੀ ਨਹੀਂ ਜਾ ਸਕਦਾ) ਜੋ (ਪ੍ਰਭੂ) ਤੈਨੂੰ ਗਾਉਂਦੇ (ਜੀਵਨ 'ਚ ਢਾਲ਼ਦੇ) ਨੇ; ਉਨ੍ਹਾਂ ਦੇ ਚਿੱਤ 'ਚ "ਮੈਂ" ਦਾ ਖਿਆਲ ਹੀ ਨਹੀਂ ਆਉਂਦਾ

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

ਓਨਾਂ ਦਾ ਧਿਆਨ ਤਾਂ ਸਦਾ ਓਸੇ ਸਦਾ ਥਿਰ ਪਰਮਾਤਮਾ 'ਚ ਹੁੰਦਾ ਹੈ ਜੋ ਆਪ ਵੀ ਸਦੀਵੀ ਹੋਂਦ ਵਾਲ਼ਾ ਹੈ ਤੇ ਜਿਸਦਾ ਨਿਯਮ/ਹੁਕਮ ਸਦਾ ਅਟੱਲ ਹੈ

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਓਨਾਂ ਅੰਦਰ ਪਰਮਾਤਮਾ ਦਾ ਧਿਆਨ ਹਰ ਸਮੇਂ ਰਹਿੰਦਾ ਹੈ ਜਿਸਨੂੰ ਦ੍ਰਿੜ ਕਰਕੇ ਓਨਾਂ ਅੰਦਰ ਸੋਹਣੇ ਕਿਰਦਾਰ ਦੀ ਰਚਨਾ ਹੁੰਦੀ ਹੈ

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**

ਪ੍ਰਭੂ ਵੱਲ ਧਿਆਨ ਹੋਣ ਕਰਕੇ ਉਹ ਮਨ ਅੰਦਰ ਉਪਜਦੇ ਅਨੇਕਾਂ ਰੰਗਾ-ਭਾਤਾਂ ਦੇ ਮਾਇਆ (ਦੇ ਭੁਲੇਖਿਆਂ) ਤੋਂ ਬਚੇ ਰਹਿੰਦੇ ਨੇ

**ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸਦੀ ਵਡਿਆਈ ॥**

ਕਿਉਂਕਿ ਉਹ ਰੱਬੀ ਹੁਕਮ ਨੂੰ ਦ੍ਰਿੜ ਕਰ ਕਰ ਕੇ ਅਪਣੇ ਅੰਦਰ ਦੀ ਸੰਭਾਲ਼ (ਵੇਖੈ) ਕਰਕੇ ਅਪਣਾ ਉਹ ਸਰੂਪ ਤਿਆਰ ਕਰਦੇ ਨੇ ਜੋ ਆਪ ਪਰਮਾਤਮਾ ਦੀ ਵਡਿਆਈ/ ਬਖਸ਼ਿਸ਼ ਹੈ

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥**

ਜੋ ਪ੍ਰਭੂ ਨੂੰ ਭਾਉਂਦਾ ਹੈ ਉਹ ਓਹੀ ਕਰਦੇ ਨੇ; ਕਦੀ ਰੱਬੀ ਹੁਕਮ ਦੇ ਉੱਤੋਂ ਅਪਣੀ ਮਰਜ਼ੀ (ਮਨ ਦੀ ਮੱਤ) ਨਹੀਂ ਚਲਾਉਂਦੇ

**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥**

ਇੰਜ ਉਸ ਪਰਮਾਤਮਾ ਦੀ ਰਜ਼ਾ (ਹੁਕਮ) 'ਚ ਰਹਿਣ/ਜੀਉਣ ਵਾਲ਼ੇ ਅਪਣੇ ਅੰਦਰ ਪਾਤਸ਼ਾਹਾਂ ਦੇ ਪਾਤਸ਼ਾਹ ਹੋ ਜਾਂਦੇ ਨੇ (ਵਿਕਾਰਾਂ ਦੀ ਗੁਲਾਮੀ ਤੋਂ ਛੁੱਟ ਕੇ ਅਟੱਲ ਰਾਜ ਲੈ ਲੈਂਦੇ ਨੇ)

**ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥**

(ਪਰਮਾਤਮਾ ਦੀ ਰਜ਼ਾ 'ਚ ਰਹਿਣ ਵਾ਼ਲਾ) ਅਪਣੇ ਮਨ ਨੂੰ ਸੰਤੋਖ/ਸਬਰ ਵਿੱਚ ਲਿਆ ਕੇ ਰੱਬੀ ਗੁਣਾਂ ਵਾ਼ਲੀ ਪੱਤ ਲੈਣ ਲਈ ਮਿਹਨਤ/ਸ਼੍ਰਮ ਕਰਦਾ ਹੈ, ਤੇ ਸਦਾ ਧਿਆਨ ਰੱਬੀ ਹੁਕਮ ਵੱਲ ਰੱਖਦਾ ਹੈ

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥**

ਹਰ ਪਲ ਜੀਵਨ ਦੀ ਨਸ਼ਵਰਤਾ ਨੂੰ ਚੇਤੇ ਰੱਖ ਕੇ ਰੱਬੀ ਮੱਤ ਨਾ਼ਲ ਖੁਦ ਨੂੰ ਵਿਕਾਰਾਂ ਤੋਂ ਮੁਕਤ ਕਰਦਾ ਹੈ, ਤੇ ਅੰਦਰੋਂ/ਧੁਰੋਂ ਮਿ਼ਲਦੇ ਗਿਆਨ ਤੇ ਸਦਾ ਭਰੋਸਾ/ਪਰਤੀਤ ਰੱਖਦਾ ਹੈ

**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

ਸਾਰਿਆਂ ਨੂੰ ਇੱਕ ਬਰਾਬਰ ਜਾਨਣ ਵਾਲ਼ੇ ਉੱਤਮ ਪੰਥ ਤੇ ਚੱਲ ਕੇ ਅਪਣੇ ਮਨ ਨੂੰ ਜਿੱਤਣ ਵਾਲ਼ਾ ਅਪਣੇ ਅੰਦਰਲੇ (ਵਿਚਾਰਾਂ ਤੇ ਫੁਰਨਿਆਂ ਦੇ) ਸੰਸਾਰ ਨੂੰ ਜਿੱਤ ਲੈਂਦਾ ਹੈ

**ਆਦੇਸੁ ਤਿਸੈ ਆਦੇਸੁ ॥**

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥**

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ 'ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਤੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

**ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥**

ਜਦ ਗੁਰੂ ਦੀ ਮੱਤ ਨਾਲ਼ ਖੁਦ ਦੇ ਅੰਦਰਲੇ ਹਲਾਤਾਂ ਤੇ ਦਇਆ ਕਰਕੇ ਗੁਣਾਂ ਵੱਲ ਤੁਰਦੇ ਹੈ ਤਾਂ ਹਿਰਦੇ ਦੇ ਹਰ ਹਿੱਸੇ ਵਿੱਚ ਰੱਬੀ ਹੁਕਮ ਦੀ ਅਵਾਜ਼ ਵੱਜਦੀ/ਉਤਰਦੀ ਹੈ

**ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥**

ਰੱਬੀ ਅਵਾਜ਼/ਹੁਕਮ ਨੂੰ ਮੰਨਣ ਨਾਲ਼ ਖੁਦ ਦਾ ਐਸੇ ਨਾਥ/ਮਾਲਕ ਬਣੀਦਾ ਹੈ ਜੋ ਅਪਣੀ ਸੁਰਤ-ਮੱਤ-ਮਨ ਨੂੰ ਨੱਥੀ/ਕਾਬੂ ਕਰਕੇ ਸਮਝ ਲੈਂਦਾ ਹੈ ਕਿ ਇਹ ਬਾਹਰੀ ਪ੍ਰਾਪਤੀਆਂ (ਰਿੱਧੀਆਂ-ਸਿੱਧੀਆਂ) ਵਿਕਾਰੀ ਮਨ ਦੇ ਸੁਆਦ (ਹਉਮੈ ਦੀ ਖੁਰਾਕ) ਨੇ

**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥**

ਉਹ ਲਗਾਤਾਰ ਗੁਣਾਂ ਨੂੰ ਲੈਣ ਦੇ ਸੰਜੋਗ ਬਣਾਉਂਦਾ, ਤੇ ਔਗੁਣਾਂ ਤੋਂ ਛੁੱਟਣ ਦਾ ਰਾਹ ਕਰਦਾ ਹੈ; ਇਸ ਤਰ੍ਹਾਂ ਉਹ ਅਪਣੇ ਸੋਹਣੇ ਭਾਗ ਲਿਖਦਾ/ਬਣਾਉਂਦਾ ਹੈ

**ਆਦੇਸੁ ਤਿਸੈ ਆਦੇਸੁ ॥**

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

ੴ

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥**

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ ‘ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਟੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

ਇੱਕ (ਅੰਦਰ ਵੱਸਦੇ ਪ੍ਰਭੂ ਦੀ) ਮੱਤ ਤੋਂ ਵਿਕਾਰਾਂ ਤੋਂ ਛੁੱਟਣ ਦੀ ਜੋ ਜੁਗਤ/ਗਿਆਨ ਸਾਡੇ ਅੰਦਰ ਸਦਾ ਵਿਆਪ ਰਹੀ ਹੈ, ਉਸਨੂੰ ਸਿਰਮੱਥੇ ਮੰਨਣ ਵਾਲ਼ੇ (ਚੇਲੇ) ਹੀ ਪ੍ਰਭੂ ਦੇ ਦਰ ਤੇ ਪਰਵਾਨ ਹੁੰਦੇ ਨੇ

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀ ਬਾਣੁ ॥**

ਇਹ ਮੱਤ ਸਾਡੇ ਅੰਦਰ ਗੁਣਾਂ ਦੇ ਸੰਸਾਰ/ਸ੍ਰਿਸ਼ਟੀ ਦੀ ਰਚਨਾ ਕਰਦੀ ਹੈ, ਉਨ੍ਹਾਂ ਗੁਣਾਂ ਨੂੰ ਪਾਲਣ/ਸੰਭਾਲਣ ਦੀ ਜੁਗਤ ਦੱਸਦੀ ਹੈ, ਤੇ ਇਸ ਮੱਤ ਨਾਲ਼ ਮਨ ਗੁਣ-ਔਗੁਣ ਦਾ ਫਰਕ ਕਰਕੇ ਖੁਦ ਨੂੰ ਔਗੁਣਾਂ ‘ਚੋਂ ਕੱਢਦਾ ਜਾਂਦਾ ਹੈ

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**

ਜਿਵੇਂ ਜਿਵੇਂ ਅੰਦਰ ਵੱਸਦੇ ਪ੍ਰਭੂ ਨੂੰ ਭਾਉਂਦਾ/ਪਸੰਦ ਹੈ, ਓਵੇਂ ਓਵੇਂ ਇਹ ਮੱਤ ਇਸ ਮਨ ਨੂੰ ਉਸ ਰੱਬੀ ਫੁਰਮਾਨ/ਹੁਕਮ ਅਨੁਸਾਰ ਚਲਾਉਂਦੀ ਹੈ

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

ਇੱਕ ਵੱਡਾ ਕਾਰਜ ਇਹ ਮੱਤ ਇਹ ਕਰਦੀ ਹੈ ਕਿ ਜਦ ਵੀ ਅੰਦਰ (ਓਨਾ) ਵਿਕਾਰਾਂ ਨੂੰ ਦੇਖਦੀ ਹੈ ਤਾਂ ਕੱਢ ਕੇ ਦੂਰ ਕਰਦੀ ਹੈ (ਨਜ਼ਰ ‘ਚ ਨ੍ਹੀ ਆਉਣ ਦੇਂਦੀ)

**ਆਦੇਸੁ ਤਿਸੈ ਆਦੇਸੁ ॥**

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ ‘ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਟੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

**ਆਸਣੁ ਲੋਇ ਲੋਇ ਭੰਡਾਰ ॥**

(ਰੱਬੀ ਹੁਕਮ ਨੂੰ ਮੰਨਣ ਵਾਲ਼ੇ ਦੇ) ਅੰਦਰ ਰੱਬੀ ਗਿਆਨ ਦੀ ਲੋਅ/ਚਾਨਣ ਦੇ ਭੰਡਾਰ ਦੇ ਆਸਣ/ਟਿਕਾਣੇ ਬਣਦੇ ਜਾਂਦੇ ਨੇ

**ਜੋ ਕਿਛੁ ਪਾਇਆ ਸੁ ਏਕਾ ਵਾਰ ॥**

ਤੇ ਇਹ ਜੋ ਵੀ ਖਜ਼ਾਨੇ ਅੰਦਰ ਉਹ ਪਾਉਂਦਾ ਹੈ ਸਭ ਇੱਕ ਰੱਬੀ ਹੁਕਮ ਕਰਕੇ ਹੀ ਹਾਸਲ ਹੁੰਦੇ ਨੇ

**ਕਰਿ ਕਰਿ ਵੇਖੈ ਸਿਰਜਣਹਾਰੁ ॥**

ਇਸ ਰੱਬੀ ਗਿਆਨ ਨੂੰ ਦ੍ਰਿੜ ਕਰ-ਕਰ ਕੇ ਉਹ ਅੰਦਰ ਵੱਸਦੇ ਪਰਮਾਤਮਾ ਨੂੰ ਦੇਖਦਾ/ਜਾਣਦਾ ਹੈ

**ਨਾਨਕ ਸਚੇ ਕੀ ਸਾਚੀ ਕਾਰ ॥**

ਰੱਬੀ ਗਿਆਨ/ਹੁਕਮ ਨੂੰ ਦ੍ਰਿੜ ਕਰਨਾ - ਏਹੋ ਉਸ ਸੱਚੇ ਮਾਲਕ ਦੀ ਸੱਚੀ ਸੇਵਾ ਹੈ

**ਆਦੇਸੁ ਤਿਸੈ ਆਦੇਸੁ ॥**

ਐਸੇ ਰੱਬੀ ਹੁਕਮ ਨੂੰ ਸਦਾ ਨਮਸਕਾਰ ਕਰੀਏ

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥**

ਜੋ ਸ਼ੁਰੂ ਤੋਂ ਸਾਡੇ ਨਾਲ਼ ਹੈ, ਜਿਸ 'ਚ ਕੋਈ ਕਮੀ/ਔਗਣ ਨਹੀਂ, ਜਿਸਦਾ ਕੋਈ ਆਦਿ-ਅੰਤ ਨਹੀਂ, ਜੋ ਅਤੁੱਟ ਤੇ ਇੱਕਸਾਰ ਸਾਡੇ ਅੰਦਰ ਸਦਾ ਵੱਸ ਰਿਹਾ ਹੈ

**ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥**

(ਜੇਕਰ ਜ਼ੁਬਾਨ ਤੋਂ ਬੋਲਣ ਨਾਲ਼ ਕੁਝ ਹੋਵੇ ਤਾਂ) ਇੱਕ ਤੋਂ ਦੋ, ਦੋ ਤੋਂ ਲੱਖ, ਲੱਖ ਤੋਂ ਵੀਹ ਲੱਖ ਜੀਭਾਂ ਵੀ ਜੇ ਹੋ ਜਾਣ

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

ਤੇ ਉਨ੍ਹਾਂ ਨਾਲ਼ ਲੱਖ-ਲੱਖ ਵਾਰ ਗੇੜਾ ਦੇ-ਦੇ ਕੇ ਰੱਬ ਦੇ ਕਿਸੇ ਖਾਸ ਨਾਮ ਨੂੰ ਆਖਿਆ ਜਾਵੇ (ਤਾਂ ਵੀ ਉਸਤੋਂ ਕੁਝ ਹਾਸਲ ਨਹੀਂ ਹੁੰਦਾ)

## ੴ ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਅੰਦਰੋਂ ਸਚਿਆਰ/ਪਵਿੱਤਰ ਹੋਣ ਦੇ ਇਸ ਰਾਹ ‘ਤੇ ਰੱਬੀ ਗੁਣਾਂ ਨੂੰ ਜੀ ਕੇ ਖੁਦ ਦੇ ਸੁਧਾਰ (ਪੱਤ) ਦੀਆਂ ਪੌੜੀਆਂ ਚੜ੍ਹਨ ਨਾਲ਼ ਅੰਦਰ ਵੱਸਦੇ ਰੱਬ ਨਾਲ਼ ਇੱਕ ਹੋਈਦਾ ਹੈ

## ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥

ਪਰ ਉਸ ਵਿਸ਼ਾਲ਼ (ਅਕਾਸ਼) ਪਵਿੱਤਰ ਜੀਵਨ ਬਾਰੇ ਸੁਣ/ਪੜ੍ਹ ਕੇ ਜਦ ਕੋਈ ਅਪਣੀ ਨੀਵੀਂ (ਵਿਕਾਰਾਂ ਵਾਲ਼ੀ) ਸੋਚ ਛੱਡੇ ਬਗੈਰ ਸਿਰਫ ਜੀਭ/ਜ਼ੁਬਾਨ ਨਾਲ਼ ਰੱਬ ਨੂੰ ਪਾਉਣ ਦੀ ਕੋਸ਼ਿਸ਼/ਰੀਸ ਕਰਦਾ ਹੈ

## ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥

ਤਾਂ ਉਹ ਇਹ ਭੁੱਲ ਰਿਹਾ ਹੈ ਕਿ ਰੱਬ ਨਾਲ਼ ਇਕਮਿਕਤਾ ਅੰਦਰ ਵੱਸਦੇ ਪ੍ਰਭੂ ਦੀ ਗੱਲ ਨੂੰ ਮੰਨ ਕੇ ਉਸਦੀ ਖੁਸ਼ੀ ਲੈ ਕੇ ਹੁੰਦੀ ਹੈ। ਬਾਹਰੋਂ ਜੀਭ ਨਾਲ਼ ਕਿਸੇ ਖਾਸ ਲਫਜ਼ਾਂ ਨੂੰ ਰਟ ਕੇ ਰੱਬ ਨੂੰ ਪਾ ਲੈਣ ਦੀ ਜ਼ਿਦ (ਠੀਸ) ਫਜ਼ੂਲ ਹੈ

## ਆਖਣਿ ਜੋਰੁ ਚੁਪੈ ਨਹ ਜੋਰੁ ॥

ਜੀਭ ਨਾਲ਼ ਆਖਣ, ਜਾਂ ਚੁੱਪ ਹੋ ਜਾਣ ਵਿੱਚ ਐਸਾ ਜੋਰ ਨਹੀਂ ਕਿ ਰੱਬ ਨੂੰ ਪਾ ਸੱਕੀਏ

## ਜੋਰੁ ਨ ਮੰਗਣਿ ਦੇਣਿ ਨ ਜੋਰੁ ॥

ਨਾ ਉਸਨੂੰ ਜ਼ੁਬਾਨ ਰਾਹੀਂ ਮੰਗ ਕੇ ਪਾਇਆ ਜਾ ਸਕਦਾ ਹੈ ਨਾ ਹੀ ਕੁਝ ਬਾਹਰੀ ਦੇ ਕੇ ਉਸਨੂੰ (ਖਰੀਦ) ਲਿਆ ਜਾ ਸਕਦਾ ਹੈ

## ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

ਬਾਹਰੀ ਜੀਵਨ ਜਾਂ ਮੌਤ ਦਾ ਜ਼ੋਰ ਨਹੀਂ ਕਿ ਸਾਨੂੰ ਰੱਬ ਨਾਲ਼ ਮਿਲ਼ਾ ਦੇਵੇ (ਅੰਦਰੋਂ ਕੁਝ ਨਹੀਂ ਬਦਲਿਆ ਤਾਂ ਬਾਹਰੀ ਜੀਵਨ ਦੇ ਵਿਖਾਵੇ ਰੱਬ ਨਹੀਂ ਮਿਲਾਉਂਦੇ)

## ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥

ਨਾ ਹੀ ਰਾਜ-ਪਾਟ ਪੈਸੇ-ਧਨ ‘ਚ ਜੋਰ ਹੈ ਰੱਬ ਨੂੰ ਮਿਲਾਉਣ ਦਾ। ਇਹ ਸਭ ਤਾਂ ਮਨ ਦਾ ਹੀ ਸ਼ੋਰ/ਜ਼ਿਦ ਹੈ

**ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥**

ਕੇਵਲ ਬਾਹਰੋਂ ਗਿਆਨ ਦੀਆਂ ਵਿਚਾਰਾਂ ਕਰਨ ਵਿੱਚ ਇਹ ਤਾਕਤ ਨਹੀਂ ਕਿ ਸੁਰਤ ਵਿੱਚ ਰੱਬੀ ਗਿਆਨ ਉੱਤਰ ਜਾਵੇ

**ਜੋਰੁ ਨ ਜੁਗਤੀ ਛੁਟੈ ਸੰਸਾਰੁ ॥**

ਸੰਸਾਰੀ ਮੱਤ ਦੀਆਂ ਜੁਗਤੀਆਂ/ਚਲਾਕੀਆਂ 'ਚ ਐਨਾਂ ਜ਼ੋਰ ਨਹੀਂ ਕਿ ਉਨ੍ਹਾਂ ਨਾਲ਼ ਮਨ ਵਿਕਾਰਾਂ ਤੋਂ ਛੁੱਟ ਜਾਵੇ

**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥**

ਜਿਸ ਕਿਸੇ ਨੂੰ ਲੱਗਦਾ ਹੈ ਕਿ ਅਪਣੀ ਮੱਤ ਨਾਲ਼ ਕਰ ਸਕਦਾ ਹੈ, ਉਹ ਕਰਕੇ ਵੇਖ ਲਵੇ

**ਨਾਨਕ ਉਤਮੁ ਨੀਚੁ ਨ ਕੋਇ ॥੩੩॥**

ਇਹ ਬਾਹਰੀ ਜ਼ੋਰ ਹੋਣ ਜਾਂ ਨਾ ਹੋਣ ਨਾਲ਼ ਕੋਈ ਰੱਬ ਦੇ ਅੰਦਰਲੇ ਰਾਹ 'ਤੇ ਵੱਡਾ ਜਾਂ ਛੋਟਾ ਨਹੀਂ ਹੁੰਦਾ

**ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥**

ਸਮੇਂ ਦੇ ਨਿਯਮ ਵਿੱਚ ਬੱਝ ਕੇ ਬਾਹਰੀ ਤੱਤ ਸ੍ਰਿਸ਼ਟੀ ਨੂੰ ਸਾਜਦੇ ਨੇ

**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ॥**

ਤੇ ਇਨ੍ਹਾਂ ਦੇ ਵਿੱਚ ਧਰਤੀ ਅਟੱਲ ਹੁਕਮ 'ਚ ਚੱਲਦੀ ਹੈ। ਇਸੇ ਤਰ੍ਹਾਂ ਸਮੇਂ ਦੇ ਅਧੀਨ ਹਵਾ, ਪਾਣੀ ਵਰਗੇ ਤੱਤਾਂ ਨਾਲ਼ ਚਲਦੇ ਸਾਡੇ ਸ਼ਰੀਰ ਵਿੱਚ ਸਾਡੀ ਅੰਦਰਲੀ ਸੁਰਤ (ਧਰਤੀ) ਪ੍ਰਭੂ ਦੇ ਧਰਮ (ਰੱਬੀ ਹੁਕਮ) ਨੂੰ ਸਮਝਣ ਤੇ ਦ੍ਰਿੜ ਕਰਨ ਵਾਲ਼ੀ ਪਵਿੱਤਰ ਥਾਂ ਹੈ

**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥**

ਅਪਣੀ ਸੁਰਤ ਅੰਦਰ ਅਸੀਂ ਪਰਮਾਤਮਾ ਦੇ ਹੁਕਮ ਵਿੱਚੋਂ ਜੀਵਨ ਦੀ ਜੁਗਤ ਦਾ ਰੰਗ/ ਗਿਆਨ ਲੈਂਦੇ ਹਾਂ

**ਤਿਨ ਕੇ ਨਾਮ ਅਨੇਕ ਅਨੰਤ ॥**

ਜੀਵਨ ਜੀਊਣ ਦੇ ਸੋਹਣੇ ਢੰਗ (ਧਰਮ) ਦਾ ਬੇਅੰਤ ਗੁਣਾਂ ਵਾਲ਼ਾ ਭੰਡਾਰ ਅੰਦਰ ਹੀ ਹੈ

**ਕਰਮੀ ਕਰਮੀ ਹੋਇ ਵੀਚਾਰੁ ॥**

ਜਦ ਅਪਣੇ ਹਰ ਕਰਮ ਦੀ ਵਿਚਾਰ ਅਸੀਂ ਅੰਦਰੋਂ ਸਿੱਖਿਆ/ਸੇਧ ਲੈਕੇ ਕਰਦੇ ਹਾਂ

**ਸਚਾ ਆਪਿ ਸਚਾ ਦਰਬਾਰੁ ॥**

ਤਾਂ ਅੰਦਰ ਇਹ ਮਨ ਆਪ ਸਚਿਆਰ ਹੁੰਦਾ ਜਾਂਦਾ ਹੈ, ਤੇ ਅੰਦਰ ਹੀ ਅਪਣੇ ਗੁਰੂ ਗਿਆਨ ਅਨੁਸਾਰ ਫੈਸਲੇ ਕਰਨ ਵਾਲ਼ਾ ਦਰਬਾਰ ਮਿਲ਼ ਜਾਂਦਾ ਹੈ

**ਤਿਥੈ ਸੋਹਨਿ ਪੰਚ ਪਰਵਾਣੁ ॥**

ਫਿਰ ਇਹ ਪੰਚ (ਸਚਿਆਰ ਹੁੰਦਾ ਮਨ) ਅੰਦਰ ਵੱਸਦੇ ਪ੍ਰਭੂ ਦੇ ਅਟੱਲ ਦਰਬਾਰ ਵਿੱਚ ਸਦਾ ਸ਼ੋਭਾ/ਵਡਿਆਈ ਪਾਉਂਦਾ ਹੈ

**ਨਦਰੀ ਕਰਮਿ ਪਵੈ ਨੀਸਾਣੁ ॥**

ਰੱਬੀ ਹੁਕਮ ਦੀ ਮਿਹਰ/ਕਰਮ ਨਾਲ਼ ਐਸਾ ਮਨ ਰੱਬ ਨਾਲ਼ ਇਕਮਿਕਤਾ ਦੇ ਰਾਹ ਦੀਆਂ ਮੰਜ਼ਲਾਂ/ਨਿਸ਼ਾਨ ਸਰ ਕਰਦਾ ਜਾਂਦਾ ਹੈ

**ਕਚ ਪਕਾਈ ਓਥੈ ਪਾਇ ॥**

ਉਹ ਅਪਣੀ ਸੁਰਤ ਦੀ ਧਰਤੀ ‘ਤੇ ਰੱਬੀ ਹੁਕਮ/ਧਰਮ ਰਾਹੀਂ ਅਪਣੀ ਕੱਚੀ/ਕਮਜ਼ੋਰ ਸੋਚ ਨੂੰ ਪਕਾਉਣ (ਉੱਚਾ ਚੁੱਕਣ) ਦੀ ਜੁਗਤ ਪਾਉਂਦਾ/ਲੈਂਦਾ ਰਹਿੰਦਾ ਹੈ

**ਨਾਨਕ ਗਇਆ ਜਾਪੈ ਜਾਇ ॥੩੪॥**

ਪਰ ਅਪਣੇ ਅੰਦਰ ਜਾ ਕੇ ਉਸ ਹੁਕਮ/ਧਰਮ ਨੂੰ ਸੁਣ/ਮੰਨ ਕੇ ਹੀ ਇਹ ਕਾਰਜ/ ਗਿਆਨ ਹੁੰਦਾ ਹੈ

**ਧਰਮ ਖੰਡ ਕਾ ਏਹੋ ਧਰਮੁ ॥**

ਸੁਚੱਜੀ ਜੀਵਨ ਜਾਚ ਨੂੰ ਦ੍ਰਿੜ ਕਰਣ ਵਾਲ਼ੀ ਇਸ ਅਵਸਥਾ (ਧਰਮਖੰਡ) ਦਾ ਏਹੋ ਨਿਯਮ/ਧਰਮ ਹੈ ਕਿ

**ਗਿਆਨ ਖੰਡ ਕਾ ਆਖਹੁ ਕਰਮੁ ॥**

ਅੰਦਰੋਂ ਰੱਬੀ ਹੁਕਮ ਦੀ ਸਮਝ ਲੈਣ ਵਾਲ਼ੀ ਅਵਸਥਾ (ਗਿਆਨਖੰਡ) ਲਈ ਕਰਮ/ਜਤਨ ਕਰਣਾ ਹੈ

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥**

ਇਹ ਜਾਨਣਾ ਕਿ ਰੱਬੀ ਹੁਕਮ 'ਚ ਹਵਾ, ਪਾਣੀ, ਅੱਗ ਵਰਗੇ ਕਿੰਨੇ ਹੀ ਤੱਤਾਂ ਦਾ ਬਣੇ ਸ਼ਰੀਰ/ਜੀਵਨ ਵਿੱਚ ਬੇਅੰਤ ਹੀ ਦੇਵਤਿਆਂ ਵਾਲ਼ੇ ਗੁਣ ਮੌਜੂਦ ਨੇ

**ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥**

ਕਿੰਨੀ ਹੀ ਤਰ੍ਹਾਂ ਦੀ ਚੰਗੇ-ਮਾੜੇ ਰੂਪਾਂ-ਰੰਗਾਂ ਦੇ ਵਿਚਾਰਾਂ ਦੀ ਘਾੜਤ ਘੜ੍ਹਣ ਦੀ ਸ਼ਕਤੀ ਇਸ ਅੰਦਰ ਹੈ

**ਕੇਤੀਆ ਕਰਮਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥**

ਮਨ ਦੀਆਂ ਬੇਅੰਤ ਧਰਤੀਆਂ/ਅਵਸਥਾਵਾਂ ਵਿੱਚ (ਪਰਬਤਾਂ ਵਰਗੇ) ਉੱਚੇ ਗੁਣ ਅਤੇ ਬੇਅੰਤ ਸਿੱਧੇ ਰਾਹ ਪਾਉਣ ਵਾਲ਼ੇ ਓਪਦੇਸ਼ ਹਨ

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥**

ਮਨ ਦੇ ਬੇਅੰਤ ਛੋਟੇ ਤੋਂ ਵੱਡੇ ਹਿੱਸਿਆਂ 'ਚ ਗਿਆਨ ਦੇ ਚਾਨਣ (ਸੂਰਜ), ਰੱਬੀ ਗੁਣਾਂ ਦੀ ਠੰਡਕ (ਚੰਦ) ਤੇ ਗਿਆਨ ਦੀ ਛਹਿਬਰ/ਵਰਖਾ (ਇੰਦਰ) ਵਾਲ਼ੀਆਂ ਬੇਅੰਤ ਹੀ ਸ਼ਕਤੀਆਂ ਨੇ

**ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥**

ਅੰਦਰੋਂ ਹੀ ਪੂਰਨਤਾ, ਅਧਿਆਤਮਕ ਉਚਿਆਈ ਦੀ ਪ੍ਰਾਪਤੀ ਕਰਾਉਣ ਵਾਲ਼ੀ ਕਿੰਨੇ ਹੀ ਭਾਂਤਾਂ ਦੀ ਉੱਚੀ ਮੱਤ ਵੀ (ਰੱਬੀ ਹੁਕਮ ਨੂੰ ਮੰਨਣ 'ਚ) ਹੀ ਹੈ

**ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥**

ਅੰਦਰ ਹੀ ਉਹ ਬੇਅੰਤ ਸ਼ਕਤੀਆਂ ਨੇ ਜੋ ਗਿਆਨ ਦੇ ਸਮੁੰਦਰ ਨੂੰ ਰਿੜਕ/ਵਿਚਾਰ ਕੇ ਉਸ 'ਚੋਂ ਸੋਹਣੀ ਜੀਵਨ ਜਾਚ ਵਾਲ਼ੇ ਕੀਮਤੀ ਗੁਣ/ਰਤਨ ਕੱਢਦੇ ਨੇ

**ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥**

ਇਹ ਗਿਆਨ/ਚਾਨਣ ਲੈਣਾ ਕਿ ਸਾਡੇ ਅੰਦਰ ਹੀ ਬੇਅੰਤ ਤਰ੍ਹਾਂ ਨਾਲ਼ ਅਨੇਕਾਂ ਤਰ੍ਹਾਂ ਦੇ ਖਿਆਲਾਂ ਦੀ ਬਣਤਰ ਹੁੰਦੀ ਹੈ ਜੋ ਸਾਨੂੰ ਅੰਦਰੋਂ ਅਨਗਿਣਤ ਤਰੀਕਿਆਂ ਨਾਲ਼ ਤ੍ਰਿਪਤ ਕਰਦੇ (ਰੱਜੇ ਹੋਏ ਰਾਜੇ ਬਣਾਉਂਦੇ) ਨੇ

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥**

ਕਿੰਨੇ ਹੀ ਤਰ੍ਹਾਂ ਦੀ ਸੁਰਤ/ਸੋਚ ਤੇ ਉਸ ਸੋਚ ਨੂੰ ਸੇਵਣ/ਮੰਨਣ ਵਾਲ਼ੇ ਬੇਅੰਤ ਹੀ ਕਰਮ ਵੀ ਅੰਦਰ ਹੀ ਨੇ। ਕੋਈ ਅੰਤ ਹੀ ਨਹੀਂ ਸਾਡੀ ਅੰਦਰਲੀ ਇਸ ਰਚਨਾ ਦਾ

**ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥**

ਗਿਆਨਖੰਡ ਵਾਲ਼ੀ ਅਵਸਥਾ ਵਿਚ ਅਪਣੇ ਅੰਦਰਲੇ ਵਰਤਾਰੇ ਦੀ ਸਮਝ ਪ੍ਰਚੰਡ/ਮਜ਼ਬੂਤ ਹੁੰਦੀ ਹੈ (ਖੁਦ ਨੂੰ ਸਮਝੇ ਬਗੈਰ ਅਸੀਂ ਅਪਣੇ ਅੰਦਰ ਚੰਗੇ ਬਦਲਾਅ ਕਰ ਹੀ ਨਹੀਂ ਸਕਦੇ)

**ਤਿਥੈ ਨਾਦ ਬਿਨੋਦ ਕੋਡ ਅਨੰਦੁ ॥**

ਉਸ ਗਿਆਨ ਨਾਲ਼ ਖੁਦ ਨੂੰ ਖੋਜ ਕੇ ਅੰਦਰ ਅਨੰਦ/ਖੇੜਾ ਹੁੰਦਾ ਜਾਂਦਾ ਹੈ

**ਸਰਮ ਖੰਡ ਕੀ ਬਾਣੀ ਰੂਪੁ ॥**

ਫਿਰ ਮਨ ਅਪਣੇ ਅੰਦਰ ਬਦਲਾਅ ਕਰਨ ਲਈ ਸ਼ਰਮਖੰਡ ਵੱਲ ਆਉਂਦਾ ਹੈ ਜਿੱਥੇ ਉਹ ਅਪਣੇ ਅੰਦਰ ਸੋਹਣੇ ਰੂਪ ਨੂੰ ਬਣਾਉਣ ਮਿਹਨਤ/ਸ਼੍ਰਮ ਕਰਦਾ ਹੈ

**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥**

ਇਹ ਉਹ ਅਵਸਥਾ ਹੈ ਜਿੱਥੇ ਬਹੁਤ ਸੋਹਣੀ ਘਾੜਤ ਘੜੀ ਜਾਂਦੀ ਹੈ

**ਤਾ ਕੀਆ ਗਲਾ ਕਥੀਆ ਨਾ ਜਾਹਿ ॥**

ਅਪਣੇ ਅੰਦਰ ਦੀ ਸੋਹਣੀ ਘਾੜਤ ਗੱਲਾਂ ਦਾ ਵਿਸ਼ਾ ਨਹੀਂ

**ਜੇ ਕੋ ਕਹੈ ਪਿਛੈ ਪਛੁਤਾਇ ॥**

ਜੇ ਕੋਈ ਗੱਲਾਂਬਾਤਾਂ ਨਾਲ਼ ਕੇ ਕਿ ਮੈਂ ਖੁਦ ਨੂੰ ਬਦਲ ਲਵਾਂ ਤਾਂ ਉਹ ਹਾਰਦਾ/ ਪਛਤਾਉਂਦਾ ਹੈ

**ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥**

ਮਿਹਨਤ/ਸ਼੍ਰਮ ਹੁੰਦੀ ਹੈ ਅਪਣੀ ਸੁਰਤ, ਮੱਤ, ਮਨ ਦੀ ਮੱਤ/ਦਿਸ਼ਾ ਨੂੰ ਬਦਲਣ (ਨਵੇਂ ਸਿਰੋਂ ਘੜਣ) ਲਈ

**ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥**

ਗੁਰੂ ਗਿਆਨ ਨਾਲ਼ ਅਪਣੇ ਅੰਦਰ ਰੱਬੀ ਗੁਣਾਂ ਤੇ ਪੂਰਨ ਪੁਰਖ (ਸਚਿਆਰ) ਵਾਲ਼ੀ ਸੋਚ ਘੜੀ ਜਾਂਦੀ ਹੈ

**ਕਰਮ ਖੰਡ ਕੀ ਬਾਣੀ ਜੋਰੁ ॥**

(ਸ਼੍ਰਮ ਕਰਕੇ ਖੁਦ ਨੂੰ ਨਿਖਾਰਨ ਵਾਲ਼ੇ) ਮਨ ਅੰਦਰ ਰੱਬੀ ਕਰਮ/ਹੁਕਮ ਦਾ ਹੀ ਜ਼ੋਰ ਚੱਲਦਾ ਹੈ

**ਤਿਥੈ ਹੋਰੁ ਨ ਕੋਈ ਹੋਰੁ ॥**

ਉਸ ਮਨ ਅੰਦਰ ਅੰਦਰ ਹੋਰ (ਵਿਕਾਰਾਂ/ਬੁਰਾਈਆ) ਦਾ ਕੋਈ ਜ਼ੋਰ ਨਹੀਂ ਰਹਿੰਦਾ

**ਤਿਥੈ ਜੋਧ ਮਹਾਬਲ ਸੂਰ ॥**

ਉਸਦੇ ਅੰਦਰ ਹਰ ਹਿਸਾ ਨਿਕੰਮੇ/ਨੀਵੇਂ ਵਿਚਾਰਾਂ ਨਾਲ਼ ਜੂਝਣ ਵਾਲ਼ਾ ਸੂਰਮਾ ਬਣ ਜਾਂਦਾ ਹੈ

**ਤਿਨ ਮਹਿ ਰਾਮੁ ਰਹਿਆ ਭਰਪੂਰ ॥**

ਉਨ੍ਹਾਂ ਸਾਰੇ ਹਿੱਸਿਆਂ 'ਚ ਇਕ ਪਰਮਾਤਮਾ ਵੱਸ ਗਿਆ ਹੈ (ਧਿਆਨ ਪ੍ਰਭੂ ਦੇ ਹੁਕਮ ਵੱਲ ਹੋ ਗਿਆ ਹੈ)

## ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥

ਉਸ ਮਨ ਅੰਦਰ ਹਰ ਵਿਚਾਰ ਰੱਬੀ ਹੁਕਮ ਦੀ ਮਹਿਮਾ/ਵਡਿਆਈ 'ਚ ਸੀਤਾ (ਪੱਕਾ ਹੋ) ਗਿਆ ਹੈ

## ਤਾ ਕੇ ਰੂਪ ਨ ਕਥਨੇ ਜਾਹਿ ॥

ਐਸੇ ਮਨ ਦੇ ਸੋਹਣੇ ਰੂਪ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ (ਗੁਣਾਂ ਨਾਲ਼ ਭਰਿਆ ਰਹਿੰਦਾ ਹੈ)

## ਨਾ ਓਹਿ ਮਰਹਿ ਨ ਠਾਗੇ ਜਾਹਿ ॥

ਉਹ ਵਿਕਾਰਾਂ/ਬੁਰਾਈਆ 'ਚ ਮਰਦਾ/ਫੱਸਦਾ ਨਹੀਂ, ਤੇ ਨਾ ਹੀ ਕਿਸੇ ਬੁਰੇ ਵਿਚਾਰ ਵਿੱਚ (ਠੱਗਿਆ/ਵਰਗਲਾਇਆ) ਅਪਣੀ ਚੰਗਿਆਈ ਨੂੰ ਛੱਡਦਾ ਹੈ

## ਜਿਨ ਕੈ ਰਾਮੁ ਵਸੈ ਮਨ ਮਾਹਿ ॥

ਕਿਉਕਿ ਮਨ ਦੇ ਹਰ ਹਿੱਸੇ 'ਚ ਪਰਮਾਤਮਾ ਵੱਸ ਗਿਆ ਹੈ (ਰੱਬ ਤਾਂ ਪਹਿਲਾਂ ਵੀ ਵੱਸ ਰਿਹਾ ਸੀ, ਪਰ ਹੁਣ ਅੰਦਰੋਂ ਕੂੜ ਦੀ ਮੈਲ਼ ਹਟਾ ਕੇ ਨਿਰੰਤਰ ਉਸਨੂੰ ਮਿਲ਼ ਰਿਹਾ ਹੈ)

## ਤਿਥੈ ਭਗਤ ਵਸਹਿ ਕੇ ਲੋਅ ॥

ਐਸੇ ਮਨ ਦੇ ਅੰਦਰ ਰੱਬੀ ਗੁਣਾਂ ਦੀ ਲੋਅ/ਚਾਨਣ ਵਿੱਚ ਖੁਦ ਨੂੰ ਰੱਬੀ ਹੁਕਮ ਨੂੰ ਸੌਂਪਣ ਦਾ ਕਾਰਜ ਹੁੰਦੇ ਨੇ

## ਕਰਹਿ ਅਨੰਦੁ ਸਚਾ ਮਨਿ ਸੋਇ ॥

ਜਿਨ੍ਹਾਂ ਕਰਕੇ ਮਨ ਸਚਿਆਰ ਹੋਣ ਵੱਲ ਤੁਰਦਾ ਅੰਦਰੋਂ ਅਨੰਦ ਪ੍ਰਾਪਤ ਕਰੀ ਜਾਂਦਾ ਹੈ

## ਸਚਖੰਡਿ ਵਸੈ ਨਿਰੰਕਾਰੁ ॥

(ਲਗਾਤਾਰ ਰੱਬੀ ਹੁਕਮ ਦੇ ਜ਼ੋਰ ਵਿੱਚ ਜੀਊਂਦਾ ਮਨ) ਅਪਣੇ ਅੰਦਰ ਉਸ ਸਚਖੰਡ 'ਚ ਪੁੱਜਦਾ ਹੈ ਜਿੱਥੇ ਸਿਰਫ ਪਰਮਾਤਮਾ ਹੀ ਹੈ

**ਕਰਿ ਕਰਿ ਵੇਖੈ ਨਦਰਿ ਨਿਹਾਲ ॥**

ਰੱਬੀ ਹੁਕਮ/ਗਿਆਨ ਨੂੰ ਦ੍ਰਿੜ ਕਰਦਾ ਕਰਦਾ ਉਸ ਮਾਲਕ ਦੇ ਦਰਸ਼ਨ ਅਪਣੇ ਅੰਦਰ ਕਰਦਾ ਉਹ ਨਿਹਾਲ ਹੋਇਆ ਰਹਿੰਦਾ ਹੈ

**ਤਿਥੈ ਖੰਡ ਮੰਡਲ ਵਰਭੰਡ ॥**

ਉਸ ਮਨ ਦੇ ਹਰ ਛੋਟ (ਖੰਡ-ਮੰਡਲ) ਤੋਂ ਵੱਡੇ (ਵਰਭੰਡ) ਵਿਚਾਰ ਇੰਜ ਰੱਬੀ ਪਿਆਰ 'ਚ ਸਮਾਏ ਹੁੰਦੇ ਨੇ

**ਜੇ ਕੋ ਕਥੈ ਤ ਅੰਤ ਨ ਅੰਤ ॥**

ਕਿ ਜੇ ਕੋਈ ਕਹਿਣ ਲੱਗੇ ਤਾਂ ਉਸ ਵਡਿਆਈ ਦਾ ਹਦ-ਬੰਨਾਂ ਨਹੀਂ

ਤਿਥੈ ਲੋਅ ਲੋਅ ਆਕਾਰ ॥

ਉਸ ਸਚਖੰਡ (ਜਿੱਥੇ ਮਨ ਰੱਬੀ ਗੁਣਾਂ 'ਚ ਰਚ ਕੇ ਰੱਬ ਦਾ ਹੀ ਰੂਪ ਹੋ ਗਿਆ) ਵਿੱਚ ਰੱਬੀ ਗਿਆਨ ਦੇ ਅਪਾਰ ਚਾਨਣ/ਲੋਅ ਦਾ ਹੀ ਅਕਾਰ/ਪਸਾਰਾ ਰਹਿ ਜਾਂਦਾ ਹੈ (ਕੂੜ/ਵਿਕਾਰ ਦਾ ਹਨੇਰਾ ਮੁੱਕ ਜਾਂਦਾ ਹੈ)

**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**

ਹੁਣ ਸਿਰਫ ਓਹੀ ਕਰਮ ਹੁੰਦੇ ਨੇ ਜੋ ਪ੍ਰਭੂ ਹੁਕਮ ਕਰ ਰਿਹਾ ਹੈ (ਮਨ ਦੀ ਮੱਤ ਖਤਮ ਹੋ ਕੇ ਸਿਰਫ ਰੱਬ ਦੀ ਮੱਤ ਰਹਿ ਜਾਂਦੀ ਹੈ)

**ਵੇਖੈ ਵਿਗਸੈ ਕਰਿ ਵੀਚਾਰੁ ॥**

ਓਥੇ ਹੁਣ ਮਨ ਨਹੀਂ ਕੇਵਲ ਰੱਬ ਹੀ ਹੈ ਜੋ ਸਭ ਵੇਖਦਾ/ਕਰਦਾ ਤੇ ਸਦਾ ਅੰਦਰੂਨੀ ਅਨੰਦ ਦੀ ਵਿਚਾਰ/ਬਖਸ਼ਿਸ਼ ਕਰਦਾ ਹੈ

**ਨਾਨਕ ਕਥਨਾ ਕਰੜਾ ਸਾਰੁ ॥੩੭॥**

ਐਸੀ ਸਚਿਆਰ ਅਵਸਥਾ ਬਾਰੇ ਕਹਿਣਾ ਬਹੁਤ ਔਖਾ ਹੈ (ਓਥੇ ਪਹੁੰਚ ਕੇ ਹੀ ਇਹ ਅਨੰਦ ਮਾਣਿਆ ਜਾ ਸਕਦਾ ਹੈ)

**ਜਤੁ ਪਾਹਾਰਾ ਧੀਰਜੁ ਸੁਨਿਆਰੁ ॥**

(ਸਚਖੰਡ ਤੱਕ ਲਈ) ਮਨ ਨੂੰ ਕਾਬੂ ਕਰਕੇ ਧੀਰਜ/ਸਬਰ ਨਾਲ਼

**ਅਹਰਣਿ ਮਤਿ ਵੇਦੁ ਹਥੀਆਰੁ ॥**

ਅਪਣੀ ਮੱਤ ਉੱਤੇ ਰੱਬੀ ਗੁਰੂ ਗਿਆਨ ਨਾਲ਼ ਲਗਾਤਾਰ ਕੰਮ ਕਰੀਏ

**ਭਉ ਖਲਾ ਅਗਨਿ ਤਪ ਤਾਉ ॥**

ਰੱਬੀ ਹੁਕਮ ਦੇ ਦਾਇਰੇ ਵਿੱਚ ਖੁਦ ਨੂੰ ਰੱਖ ਕੇ ਉਸ ਗਿਆਨ ਨੂੰ ਜੀਵਨ ‘ਚ ਢਾਲਣ ਦਾ ਉੱਦਮ/ਮਿਹਨਤ ਕਰੀਏ

**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥**

ਫਿਰ ਇਸ ਮਨ ਵਿੱਚ ਰੱਬੀ ਪਿਆਰ ਤੇ ਗੁਣਾਂ ਦਾ ਅਮ੍ਰਿੰਤ ਆਵੇਗਾ

**ਘੜੀਐ ਸਬਦੁ ਸਚੀ ਟਕਸਾਲ ॥**

ਅਪਣੀ ਸੁਰਤ ਦੀ ਇਸ ਟਕਸਾਲ ਵਿੱਚ ਰੱਬੀ ਗਿਆਨ/ਸਬਦ ਨਾਲ਼ ਖੁਦ ਨੂੰ ਨਿੱਤ ਘੜੀਏ

**ਜਿਨ ਕਉ ਨਦਰਿ ਕਰਮੁ ਤਿਨ ਕਾਰ ॥**

ਜੋ ਏਸ ਪਾਸੇ ਨਜ਼ਰ/ਧਿਆਨ ਕਰਕੇ ਇਹ ਕਰਮ ਅਪਣੇ ਵਿਹਾਰ ‘ਚ ਨਿਰੰਤਰ ਕਰਦੇ ਨੇ

**ਨਾਨਕ ਨਦਰੀ ਨਦਰਿ ਨਿਹਾਲ ॥੩੮॥**

ਉਹੋ (ਸਚਿਆਰ ਮਨ) ਰੱਬੀ ਕਿਰਪਾ ਦੇ ਪਾਤਰ ਬਣਕੇ ਨਿਹਾਲ ਹੋ ਜਾਂਦੇ ਨੇ

**ਸਲੋਕੁ ॥**

ਇਹ ਜਪ ਬਾਣੀ ਦਾ ਦੂਜਾ ਤੇ ਆਖਰੀ ਸ਼ਲੋਕ ਹੈ

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

ਹਰ ਸਾਹ/ਪਵਣ ਦੇ ਨਾਲ਼ ਪਾਣੀ ਤੇ ਮਿੱਟੀ ਦੇ ਤੱਤਾਂ ਤੋਂ ਬਣੇ ਇਸ ਸ਼ਰੀਰ ਵਿੱਚ

**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**

ਸਾਰੇ ਜੀਵਨ ਦੇ ਸਮੇਂ ਦੇ ਵੱਖ-ਵੱਖ ਪੜਾਵਾਂ ਵਿੱਚ ਅੰਦਰਲੀ ਦੁਨੀਆ ਵਿੱਚ ਖੇਡਦਾ (ਫੁਰਨੇ ਬਣਾਉਂਦਾ) ਮਨ

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥**

ਜਦ ਅਪਣੇ ਅੰਦਰ ਬੈਠੇ ਪਰਮਾਤਮਾ ਦੇ ਹੁਕਮ ਨੂੰ ਸੁਣ ਕੇ ਚੰਗਿਆਈਆਂ-ਬੁਇਆਈਆਂ ਤੇ ਸੁਚੱਜੇ ਜੀਵਨ ਦੀ ਜਾਚ ਨੂੰ ਸਿੱਖਦਾ ਹੈ

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**

ਤਾਂ ਜਾਣਦਾ ਹੈ ਕਿ ਅਪਣੇ ਅੰਦਰ ਦੇ ਕਰਮਾਂ ਕਰਕੇ ਅਸੀਂ ਰੱਬ ਦੇ ਨੇੜੇ ਜਾਂ ਦੂਰ ਹੁੰਦੇ ਹਾਂ (ਉਹ ਦੂਰ ਨਹੀਂ ਹੁੰਦਾ, ਉਹ ਸਦਾ ਅੰਦਰ ਹੀ ਹੈ)

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**

ਜਿਨ੍ਹਾਂ ਨੇ ਰੱਬੀ ਨਾਮ/ਗੁਣਾਂ ਨੂੰ ਧਿਆਨ ਵਿੱਚ ਰੱਖ ਕੇ ਕਰਮਾਂ 'ਚ ਉਤਾਰ ਲਿਆ ਉਹ ਐਸੀ ਮਸ਼ੱਕਤ/ਸ਼੍ਰਮ ਕਰ ਗਏ

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

ਉਹ ਵਿਕਾਰਾਂ ਵਾਲ਼ੀ ਕੂੜ ਤੋਂ ਛੱਟ/ਮੁਕਤ ਸਚਿਆਰ ਹੋ ਕੇ ਅੰਦਰੋਂ ਰੌਸ਼ਨ (ਉੱਜਲੇ ਮੁੱਖ ਵਾਲ਼ੇ) ਹੋ ਗਏ।

# ਸੋਦਰੁ

## ਰਾਗੁ ਆਸਾ ਮਹਲਾ ੧

ਇਹ ਰਾਗ ਆਸਾ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ ਜਿਸ ਦਾ ਸਿਰਲੇਖ ਹੈ – "ਉਸ ਪਰਮਾਤਮਾ ਦਾ ਦਰ"

**ੴ ਸਤਿਗੁਰ ਪ੍ਰਸਾਦਿ ॥**

ਇੱਕ ਰੱਬ ਜੋ ਹਰ ਪਲ, ਹਰ ਥਾਂ, ਸਰਿਆਂ 'ਚ ਹੈ, ਸਦਾ ਹੈ, ਤੇ ਗੁਰੂ ਦੀ ਕਿਰਪਾ/ਗਿਆਨ ਰਾਹੀਂ (ਅੰਦਰ) ਹੀ ਮਿਲ਼ਦਾ ਹੈ

**ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥**

ਹਉਮੈ ਵਾਲ਼ੀ ਮੱਤ ਛੱਡ ਕੇ ਮਨ ਅਪਣੇ ਅੰਦਰ ਵੱਸਦੇ ਰੱਬ ਦੇ ਦਰ/ਘਰ ਨੂੰ ਜਾਨਣਾ ਸ਼ੁਰੂ ਕਰਦਾ ਹੈ ਜਿੱਥੋਂ ਉਹ ਮਾਲਕ ਸਾਨੂੰ ਅਪਣੇ ਹੁਕਮ ਰਾਹੀਂ ਸੰਭਾਲ਼ਦਾ (ਜੀਵਨ ਦਾ ਰਾਹ ਦੱਸਦਾ) ਹੈ

**ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥**

ਉਸਦੇ ਹੁਕਮ ਨੂੰ ਸੁਣ/ਮੰਨ ਕੇ ਸਾਡੇ ਅੰਦਰ ਦੇ ਅਨੇਕ/ਅਸੰਖ ਵਿਚਾਰ ਹੁਕਮ ਦੀ ਧੁਨ ਨੂੰ ਵਜਾਉਣ (ਦ੍ਰਿੜ ਕਰਨ) ਲੱਗ ਜਾਂਦ ਨੇ

**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥**

ਕਿੰਨੇ ਹੀ ਪ੍ਰੇਮ ਤੇ ਸੂਖਮ/ਸਰਲ ਉਪਦੇਸ਼ਾਂ ਨਾ਼ਲ ਰੱਬ ਅਪਣਾ ਸੁਨੇਹਾ ਸਾਨੂੰ ਕਹਿੰਦਾ/ਦੇਂਦਾ ਹੈ ਤੇ ਕਿੰਨੇ ਹੀ ਰੂਪਾਂ ਵਿੱਚ ਸਾਡਾ ਮਨ ਰੱਬੀ ਹੁਕਮ ਨੂੰ ਗਾਉਣ (ਜੀਵਨ 'ਚ ਧਾਰਣ ਕਰਨ) ਲੱਗ ਜਾਂਦਾ ਹੈ

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾਧਰਮੁ ਦੁਆਰੇ ॥**

ਹਵਾ–ਪਾਣੀ–ਅੱਗ(ਪੂਰੀ ਕੁਦਰਤ) ਜਿਵੇਂ ਸਹਿਜ ਸੁਭਾਅ ਹੁਕਮ 'ਚ ਚੱਲਦੀ ਹੈ, ਤਿਵੇਂ ਅਪਣੇ ਅੰਦਰ ਬੈਠੇ ਮਾਲਕ ਦੇ ਹੁਕਮ/ਧਰਮ ਅੱਗੇ ਇਹ ਮਨ (ਰਾਜਾ) ਗਾਉਂਦਾ (ਖੁਦ ਨੂੰ ਸੌਂਪ) ਦੇਂਦਾ ਹੈ

**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥**

ਜੋ ਹੁਕਮ ਨੂੰ ਗਾਉਂਦਾ/ਦ੍ਰਿੜ ਕਰਦਾ ਹੈ ਉਹ ਅਪਣੇ ਅੰਦਰਲੇ ਗੁਪਤ (ਲੁਕੇ ਹੋਏ) ਵਿਕਾਰਾਂ ਵਾਲ਼ੇ ਪਾਸੇ (ਚਿੱਤਰ) ਨੂੰ ਪਛਾਣਦਾ ਹੈ, ਤੇ ਰੱਬੀ ਗਿਆਨ (ਧਰਮ) ਨੂੰ ਵਿਚਾਰ ਕੇ ਅਪਣੇ ਅੰਦਰ ਲਿਖਦਾ/ਦ੍ਰਿੜ ਕਰਦਾ ਹੈ

**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥**

ਰੱਬੀ ਗਿਆਨ ਨੂੰ ਦ੍ਰਿੜ ਕਰਣ ਵਾਲ਼ਾ ਅਪਣੇ ਅੰਦਰ ਰੱਬੀ ਗੁਣਾਂ ਨੂੰ ਪਾਲਣ, ਸੋਹਣੇ ਵਿਚਾਰਾਂ ਨੂੰ ਰਚਣ ਤੇ ਵਿਕਾਰਾਂ ਤੋਂ ਛੁੱਟਕਾਰਾ ਦਵਾਉਣ ਵਾਲ਼ੀ ਸੋਹਣੀ ਮੱਤ ਨਾਲ਼ ਖੁਦ ਨੂੰ ਸਵਾਰ ਕੇ ਪ੍ਰਭੂ ਦੇ ਦਰ ‘ਤੇ ਸ਼ੋਭਾ ਪਾਉਂਦਾ ਹੈ

**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥**

ਪ੍ਰਭੂ ਦੇ ਹੁਕਮ ਨੂੰ ਮੰਨਣ ਵਾਲ਼ਾ ਮਨ ਅੰਦਰ ਰਾਜ ਸਿੰਘਾਸਨ (ਉੱਚੀ ਰੌਸ਼ਨ ਮੱਤ ਵਾਲ਼ੀ ਅਵਸਥਾ) ਉੱਪਰ ਸ਼ੁਭ ਗੁਣਾਂ ਸਮੇਤ ਟਿਕ ਰਾਜਾ ਬਣ ਕੇ ਬੈਠਦਾ ਹੈ (ਉਸਦੇ ਅੰਦਰ ਹੀ ਸੁਅਰਗ ਦਾ ਰਾਜ ਹੈ)

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥**

ਰੱਬੀ ਹੁਕਮ ਨੂੰ ਗਾਉਣ ਵਾਲ਼ਾ (ਜੀਵਨ ‘ਚ ਧਾਰਣ ਕਰਨ ਵਾਲ਼ਾ) ਹੀ ਅੰਦਰੋਂ ਪੂਰਾ (ਸਿੱਧ) ਹੁੰਦਾ ਹੈ ਕਿਉਂਕਿ ਉਸਦਾ ਨਿਰੰਤਰ ਧਿਆਨ (ਸਮਾਧੀ) ਗੁਰੂ ਗਿਆਨ ‘ਚ ਹੈ। ਹੁਕਮ ਨੂੰ ਗਾਉਣ ਵਾਲ਼ੇ ਰੱਬੀ ਗਿਆਨ ਨੂੰ ਵਿਚਾਰ/ਅਪਣਾ ਕੇ ਖੁਦ ਨੂੰ ਅੰਦਰੋਂ ਸਾਧ ਲੈਂਦੇ ਨੇ

**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥**

ਪ੍ਰਭੂ ਦੇ ਹੁਕਮ ਨੂੰ ਗਾਉਣ ਵਾਲ਼ੇ ਹੀ ਪਵਿੱਤਰ, ਦਾਨੀ, ਸੰਤੋਖੀ ਤੇ ਵਿਕਾਰਾਂ ਨਾਲ਼ ਜੂਝਣ ਵਾਲ਼ੇ ਵੀਰ/ਸੂਰਮੇ ਹੁੰਦੇ ਨੇ

**ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥**

ਰੱਬੀ ਹੁਕਮ/ਸੁਨੇਹੇ ਨੂੰ ਗਾਉਣ/ਮੰਨਣ ਵਾਲ਼ੇ ਹੀ ਅੰਦਰੋਂ ਨਿਰੰਤਰ (ਜੁਗ-ਜੁਗ) ਰੱਬੀ ਗਿਆਨ ਨੂੰ ਪੜ੍ਹ, ਵਿਚਾਰ, ਅਮਲ ਕਰਕੇ ਅਸਲ ਪੰਡਤ/ਰਿਸ਼ੀ ਹੁੰਦੇ ਨੇ

**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥**

ਰੱਬੀ ਹੁਕਮ ਨੂੰ ਜੀਊਣ ਵਾਲ਼ੇ ਦੇ ਮਨ ਦਾ ਪੂਰਾ ਪਸਾਰਾ ਸੋਹਣੀਆਂ ਰੱਬੀ ਰਹਿਮਤਾਂ (ਗੁਣਾਂ) ਵੱਲ ਮੋਹਿਤ (ਪਿਆਰ ਨਾਲ਼ ਭਰਿਆ) ਰਹਿੰਦਾ ਹੈ

**ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥**

ਰੱਬ ਦੇ ਹੁਕਮ 'ਚ ਜੀਊਣ ਵਾਲ਼ਿਆਂ ਦੇ ਅੰਦਰ ਬੇਸ਼ਕੀਮਤੀ ਰੱਬੀ ਗਿਆਨ ਦੇ ਰਤਨ ਉਪਜਦੇ ਨੇ, ਤੇ ਅੰਦਰ ਹੀ ਉਸ ਗਿਆਨ ਦੇ ਤੀਰਥ ਬਣ ਜਾਂਦੇ ਨੇ

**ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥**

ਰੱਬੀ ਹੁਕਮ 'ਤੇ ਚੱਲਣ ਵਾਲ਼ੇ ਚਾਰੇ ਖਾਣੀਆਂ (ਹਰ ਤਰ੍ਹਾਂ) ਨਾਲ਼ ਅੰਦਰ ਵਿਕਾਰਾਂ ਨਾਲ਼ ਜੂਝਣ ਵਾਲ਼ੇ ਜੋਧੇ, ਮਹਾਬਲੀ, ਸੂਰਮੇ ਹੁੰਦੇ ਨੇ

**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥**

ਪ੍ਰਭੂ ਦੇ ਹੁਕਮ ਨੂੰ ਗਾਉਣ (ਜੀਵਨ 'ਚ ਢਾਲਣ ਨਾਲ਼) ਸਾਡੇ ਅੰਦਰ ਦੇ ਸਾਰੇ ਛੋਟੇ ਤੋਂ ਵੱਡੇ ਵਿਚਾਰ ਰੱਬੀ ਹੁਕਮ ਨੂ ਧਾਰਣ ਕਰੀ ਰੱਖਦੇ ਨੇ

**ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥**

ਹੇ ਪ੍ਰਭੂ! ਤੇਰੇ ਹੁਕਮ ਨੂੰ ਓਹੀ ਦ੍ਰਿੜ ਕਰਦੇ ਨੇ ਜਿਨ੍ਹਾਂ ਦਾ ਚਿੱਤ ਤੇਰੇ (ਗੁਣਾਂ) ਵੱਲ ਲੱਗਾ ਹੈ, ਤੇ ਓਹੀ ਤੇਰੀ ਭਗਤੀ (ਗੁਣਾਂ ਨੂੰ ਜੀਵਨ 'ਚ ਉਤਾਰਨ) ਦਾ ਰਸ ਮਾਣਦੇ ਨੇ

**ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥**

ਓਨਾਂ ਬਾਰੇ ਮੈਂ ਕੀ ਵਿਚਾਰ ਕਰਾਂ (ਕੁਝ ਕਿਹਾ ਹੀ ਨਹੀਂ ਜਾ ਸਕਦਾ) ਜੋ (ਪ੍ਰਭੂ) ਤੈਨੂੰ ਗਾਉਂਦੇ (ਜੀਵਨ 'ਚ ਢਾਲ਼ਦੇ) ਨੇ; ਉਨ੍ਹਾਂ ਦੇ ਚਿੱਤ 'ਚ "ਮੈਂ" ਦਾ ਖਿਆਲ ਹੀ ਨਹੀਂ ਆਉਂਦਾ

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**

ਓਨਾਂ ਦਾ ਧਿਆਨ ਤਾਂ ਸਦਾ ਓਸੇ ਸਦਾ ਥਿਰ ਪਰਮਾਤਮਾ 'ਚ ਹੁੰਦਾ ਹੈ ਜੋ ਆਪ ਵੀ ਸਦੀਵੀ ਹੋਂਦ ਵਾਲ਼ਾ ਹੈ ਤੇ ਜਿਸਦਾ ਨਿਯਮ/ਹੁਕਮ ਸਦਾ ਅਟੱਲ ਹੈ

**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਓਨਾਂ ਅੰਦਰ ਪਰਮਾਤਮਾ ਦਾ ਧਿਆਨ ਹਰ ਸਮੇਂ ਰਹਿੰਦਾ ਹੈ ਜਿਸਨੂੰ ਦ੍ਰਿੜ ਕਰਕੇ ਓਨਾਂ ਅੰਦਰ ਸੋਹਣੇ ਕਿਰਦਾਰ ਦੀ ਰਚਨਾ ਹੁੰਦੀ ਹੈ

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥**

ਪ੍ਰਭੂ ਵੱਲ ਧਿਆਨ ਹੋਣ ਕਰਕੇ ਉਹ ਮਨ ਅੰਦਰ ਉਪਜਦੇ ਅਨੇਕਾਂ ਰੰਗਾ-ਭਾਤਾਂ ਦੇ ਮਾਇਆ (ਦੇ ਭੁਲੇਖਿਆਂ) ਤੋਂ ਬਚੇ ਰਹਿੰਦੇ ਨੇ

**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸਦੀ ਵਡਿਆਈ ॥**

ਕਿਉਂਕਿ ਉਹ ਰੱਬੀ ਹੁਕਮ ਨੂੰ ਦ੍ਰਿੜ ਕਰ ਕਰ ਕੇ ਅਪਣੇ ਅੰਦਰ ਦੀ ਸੰਭਾਲ਼ (ਵੇਖੇ) ਕਰਕੇ ਅਪਣਾ ਉਹ ਸਰੂਪ ਤਿਆਰ ਕਰਦੇ ਨੇ ਜੋ ਆਪ ਪਰਮਾਤਮਾ ਦੀ ਵਡਿਆਈ/ ਬਖਸ਼ਿਸ਼ ਹੈ

**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**

ਜੋ ਪ੍ਰਭੂ ਨੂੰ ਭਾਉਂਦਾ ਹੈ ਉਹ ਓਹੀ ਕਰਦੇ ਨੇ; ਕਦੀ ਰੱਬੀ ਹੁਕਮ ਦੇ ਉੱਤੋਂ ਅਪਣੀ ਮਰਜ਼ੀ (ਮਨ ਦੀ ਮੱਤ) ਨਹੀਂ ਚਲਾਉਂਦੇ

**ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥**

ਇੰਜ ਉਸ ਪਰਮਾਤਮਾ ਦੀ ਰਜ਼ਾ (ਹੁਕਮ) 'ਚ ਰਹਿਣ/ਜੀਊਣ ਵਾਲ਼ੇ ਅਪਣੇ ਅੰਦਰ ਪਾਤਸ਼ਾਹਾਂ ਦੇ ਪਾਤਸ਼ਾਹ ਹੋ ਜਾਂਦੇ ਨੇ (ਵਿਕਾਰਾਂ ਦੀ ਗੁਲਾਮੀ ਤੋਂ ਛੁੱਟ ਕੇ ਅਟੱਲ ਰਾਜ ਲੈ ਲੈਂਦੇ ਨੇ)

**ਆਸਾ ਮਹਲਾ ੧ ॥**

ਰਾਗ ਆਸਾ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

**ਸੁਣਿ ਵਡਾ ਆਖੈ ਸਭੁ ਕੋਇ ॥**

ਹਰ ਕੋਈ ਬਾਹਰੋਂ ਸੁਣ ਸੁਣ ਕੇ (ਰੱਬਾ!) ਤੈਨੂੰ ਵੱਡਾ ਆਖੀ ਜਾਂਦਾ ਹੈ

**ਕੇਵਡੁ ਵਡਾ ਡੀਠਾ ਹੋਇ ॥**

ਪਰ ਤੂੰ ਕਿੰਨਾ ਵੱਡਾ ਹੈ ਇਹ ਤਾਂ ਤੈਨੂੰ ਵੇਖ/ਜਾਣ ਕੇ ਹੀ ਪਤਾ ਲੱਗਣਾ ਹੈ

**ਕੀਮਤਿ ਪਾਇ ਨ ਕਹਿਆ ਜਾਇ ॥**

ਕਿਸੇ ਕੀਮਤ ਨਾਲ਼ ਨਹੀਂ ਲਿਆ ਜਾ ਸਕਦਾ, ਨਾ ਹੀ ਅੱਖਰਾਂ 'ਚ ਕਿਹਾ ਜਾ ਸਕਦਾ ਹੈ

**ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥**

ਜੋ ਕਹਿਣ (ਤੈਨੂੰ ਵੇਖਣ/ਜਾਨਣ) ਵਾਲ਼ੇ ਨੇ ਉਹ ਤਾਂ ਤੇਰੇ 'ਚ ਸਮਾ ਕੇ (ਤੇਰੇ ਰੂਪ) ਹੋ ਕੇ ਜੀਊਂਦੇ ਨੇ

**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥**

ਮੇਰੇ ਮਾਲਕ ਪਰਮਾਤਮਾ! ਤੂੰ ਗੁਣਾਂ ਦਾ ਸਾਗਰ ਹੈਂ

**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥**

ਤੇਰੇ ਹੁਕਮ ਦਾ ਵਿਸਤਾਰ ਕੋਈ ਨਹੀਂ ਜਾਣ ਸਕਦਾ

**ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥**

ਹਰ ਤਰ੍ਹਾਂ ਨਾਲ਼ (ਬਾਹਰੋਂ) ਸੁਰਤੀਆਂ ਜੋੜ ਕੇ ਤੇਰਾ ਅੰਤ ਪਾਉਣ ਦੀ ਕੋਸ਼ਿਸ਼ ਕਰਨ ਵਾਲ਼ੇ

**ਸਭ ਕੀਮਤਿ ਮਿਲਿ ਕੀਮਤਿ ਪਾਈ ॥**

ਹਰ ਤਰ੍ਹਾਂ ਨਾਲ਼ ਤੇਰੀ ਵਡਿਆਈ ਲਈ (ਬਾਹਰੀ) ਕੀਮਤ ਪਾਉਣ ਵਾਲ਼ੇ

**ਗਿਆਨੀ ਧਿਆਨੀ ਗੁਰ ਗੁਰਹਾਈ ॥**

ਬੇਅੰਤ ਗਿਆਨੀ ਤੇ ਧਿਆਨੀ ਗਿਆਨ ਨੂੰ ਲੈਕੇ ਗੁਰ/ਵੱਡੇ ਕਹਾਉਣ ਵਾਲ਼ੇ ਵੀ

**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥**

ਤੇਰੀ ਵਡਿਆਈ ਦਾ ਰਤਾ 'ਕੁ ਵੀ ਅੰਦਾਜ਼ਾ ਨਹੀਂ ਲਗਾ ਸਕਦੇ

**ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥**

ਜਿੰਨੀਆਂ ਵੀ ਚੰਗਿਆਈਆਂ, ਗੁਣ, ਮਿਹਨਤ ਕੋਈ ਤੇਰੇ ਰਾਹ ਲਈ ਕਰ ਰਿਹਾ ਹੈ

**ਸਿਧਾ ਪੁਰਖਾ ਕੀਆ ਵਡਿਆਈਆ ॥**

ਖੁਦ ਨੂੰ ਤੇਰੇ ਗਿਆਨ ਨਾਲ਼ ਪੂਰਨਤਾ ਵੱਲ ਲੈ ਕੇ ਜਾਣ ਵਾਲ਼ੀਆਂ ਵਡਿਆਈਆਂ

**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥**

ਇਸ ਸਭ ਤੇਰੀ ਕਿਰਪਾ/ਹੁਕਮ ‘ਚ ਜੀਊਣ ਤੋਂ ਬਿਨਾਂ ਨਹੀਂ ਮਿਲ਼ਦੇ

**ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥**

ਤੇਰੀ ਮਿਹਰ/ਹੁਕਮ ਨੂੰ ਦ੍ਰਿੜ ਕਰਕੇ ਇਨ੍ਹਾਂ ਗੁਣਾਂ/ਵਡਿਆਈਆਂ ਨੂੰ ਮਿਲਣ ਤੋਂ ਫਿਰ ਬਾਹਰੋਂ ਕੋਈ ਰੋਕ ਨਹੀਂ ਸਕਦਾ

**ਆਖਣ ਵਾਲਾ ਕਿਆ ਵੇਚਾਰਾ ॥**

ਜੋ ਇਨ੍ਹਾਂ ਗੁਣਾਂ ਨੂੰ ਦ੍ਰਿੜ੍ਹ ਕਰਦਾ (ਆਖਦਾ) ਹੈ ਉਹ ਕਦੀ ਵੇਚਾਰਾ/ਮਜਬੂਰ ਨਹੀਂ ਹੁੰਦਾ

**ਸਿਫਤੀ ਭਰੇ ਤੇਰੇ ਭੰਡਾਰਾ ॥**

ਕਿਉਂਕਿ ਉਸਦੇ ਅੰਦਰ ਤੇਰੀਆਂ ਸਿਫਤਾਂ/ ਰੱਬੀ ਗੁਣਾਂ ਦੇ ਭੰਡਾਰ ਭਰੇ ਰਹਿੰਦੇ ਨੇ

**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥**

ਜਿਸਨੂ ਤੇਰੇ ਹੁਕਮ ਵਿੱਚੋਂ ਇਹ ਵਡਿਆਈਆਂ ਮਿਲ਼ ਗਈਆਂ ਉਸ ਉੱਤੇ ਕਿਸੇ (ਵਿਕਾਰ) ਦਾ ਜ਼ੋਰ ਨਹੀਂ ਚੱਲਦਾ

**ਨਾਨਕ ਸਚੁ ਸਵਾਰਣਹਾਰਾ ॥੪॥੨॥**

ਕਿਉਂਕਿ ਅੰਦਰ ਵੱਸਦੇ ਪਰਮਾਤਮਾ ਨੇ ਉਸਨੂੰ ਸਵਾਰਿਆ (ਸੋਹਣਾ ਬਣਾ ਦਿੱਤਾ) ਹੈ

**ਆਸਾ ਮਹਲਾ ੧ ॥**

ਰਾਗ ਆਸਾ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

**ਆਖਾ ਜੀਵਾ ਵਿਸਰੈ ਮਰਿ ਜਾਉ ॥**

ਜੇਕਰ ਮੈਂ ਰੱਬੀ ਹੁਕਮ ਨੂੰ ਆਖਦਾ (ਜੀਵਨ 'ਚ ਉਤਾਰਦਾ) ਹਾਂ, ਤਾਂ ਹੀ ਜੀਊਂਦਾ ਹਾਂ; ਉਸਨੂੰ ਭੁੱਲ ਕੇ ਮੈਂ ਵਿਕਾਰਾਂ 'ਚ ਮਰਦਾ ਹਾਂ

**ਆਖਣਿ ਅਉਖਾ ਸਾਚਾ ਨਾਉ ॥**

ਪਰ (ਵਿਕਾਰੀ) ਮਨ ਲਈ ਉਸ ਸੱਚੇ ਹੁਕਮ ਨੂੰ ਮੰਨਣਾਂ/ਆਖਣਾ ਬਹੁਤ ਔਖਾ ਲੱਗਦਾ ਹੈ

**ਸਾਚੇ ਨਾਮ ਕੀ ਲਾਗੈ ਭੂਖ ॥**

ਜਿਨ੍ਹਾਂ ਦੇ ਅੰਦਰ ਰੱਬੀ ਹੁਕਮ ਨੂੰ ਦ੍ਰਿੜ੍ਹ ਕਰਨ ਦੀ ਤਾਂਘ/ਭੁੱਖ ਬਣ ਜਾਂਦੀ ਹੈ

**ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥**

ਫਿਰ ਇਸ ਭੁੱਖ/ਤਾਂਘ ਨਾਲ਼ ਰੱਬੀ ਗਿਆਨ ਨੂੰ ਦ੍ਰਿੜ੍ਹ ਕਰਦਿਆਂ ਉਨ੍ਹਾਂ ਅੰਦਰੋਂ ਦੁੱਖ ਮੁੱਕਦੇ ਜਾਂਦੇ ਨੇ

**ਸੋ ਕਿਉ ਵਿਸਰੈ ਮੇਰੀ ਮਾਇ ॥**

ਹੇ ਮੇਰੀ ਮੱਤ (ਮਾਂ)! ਅੰਦਰ ਵੱਸਦੇ ਪ੍ਰਭੂ ਦੀ ਅਵਾਜ਼ ਨੂੰ ਨਾ ਭੁੱਲ (ਅਣਗੌਲਿਆਂ ਨਾ ਕਰ)

**ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥**

ਉਹ ਸੱਚਾ ਮਾਲਕ ਜੋ ਸਦਾ ਤੇਰੇ ਅੰਦਰੋਂ ਸੱਚਾ/ਸਦੀਵੀ ਗਿਆਨ/ਹੁਕਮ ਤੈਨੂੰ ਦੇ ਰਿਹਾ ਹੈ

**ਸਾਚੇ ਨਾਮ ਕੀ ਤਿਲੁ ਵਡਿਆਈ ॥**

ਉਸ ਸੱਚੇ ਹੁਕਮ ਦੀ ਥੋੜ੍ਹੀ ਜਿਹੀ ਵਡਿਆਈ ਵੀ

**ਆਖਿ ਥਕੇ ਕੀਮਤਿ ਨਹੀ ਪਾਈ ॥**

ਕਹਿ ਕੇ ਅਸੀਂ ਤਾਂ ਥੱਕ/ਮੁੱਕ ਜਾਵਾਂਗੇ ਪਰ ਉਸਦੀ ਕੀਮਤ/ਅੰਤ ਨਹੀਂ ਪਾ ਸਕਦੇ

**ਜੇ ਸਭਿ ਮਿਲਿ ਕੈ ਆਖਣ ਪਾਹਿ ॥**

ਜੇ ਸਾਰੇ ਰਲ਼ ਕੇ ਵੀ ਉਸਦੀਆਂ ਵਡਿਆਈਆਂ ਕਹਿਣ ਲੱਗੀਏ

**ਵਡਾ ਨ ਹੋਵੈ ਘਾਟਿ ਨ ਜਾਇ ॥੨॥**

ਤਾਂ ਉਸ ਵੱਡੇ ਨੇ ਨਾ ਤਾਂ ਘਟ ਜਾਣਾ, ਨਾ ਹੀ ਮੁੱਕ ਜਾਣਾ

**ਨਾ ਓਹੁ ਮਰੈ ਨ ਹੋਵੈ ਸੋਗੁ ॥**

ਉਹ ਸੱਚਾ ਮਾਲਕ (ਤੇ ਉਸਦਾ ਹੁਕਮ) ਨਾ ਤਾਂ ਮਰਦਾ ਹੈ, ਨਾ ਹੀ ਗਲਤ (ਪਛਤਾਵੇ/ਸੋਗ ਵਾਲ਼ਾ) ਹੁੰਦਾ ਹੈ

**ਦੇਦਾ ਰਹੈ ਨ ਚੂਕੈ ਭੋਗੁ ॥**

ਤੇ ਸਦਾ ਅੰਦਰੋਂ ਸਾਨੂੰ ਰਾਹ/ਗਿਆਨ ਦੇਂਦਾ ਰਹਿੰਦਾ ਹੈ, ਕਦੀ ਵੀ ਉਸਦਾ ਇਹ ਸੋਹਣਾ ਵਰਤਾਰਾ (ਸਾਡੇ ਅੰਦਰੋਂ) ਮੁੱਕਦਾ ਨਹੀਂ

**ਗੁਣੁ ਏਹੋ ਹੋਰੁ ਨਾਹੀ ਕੋਇ ॥**

ਏਹੋ ਉਸਦਾ ਸਭ ਤੋਂ ਵੱਡਾ ਗੁਣ ਹੈ, ਜੋ ਕਿਸੇ ਹੋਰ (ਵਿਕਾਰਾਂ ਆਦਿਕ ਬੁਰੀਆਂ ਅਵਾਜ਼ਾਂ) ਵਿੱਚ ਨਹੀਂ

**ਨਾ ਕੋ ਹੋਆ ਨਾ ਕੋ ਹੋਇ ॥੩॥**

ਨਾ ਹੀ ਕੋਈ ਉਸ ਵਰਗਾ (ਸੱਚ ਦਾ ਰਾਹ ਦੇਣ ਵਾਲ਼ਾ) ਉਸ ਤੋਂ ਅਲਾਵਾ ਹੋਇਆ ਹੈ, ਨਾ ਹੋਵੇਗਾ

**ਜੇਵਡੁ ਆਪਿ ਤੇਵਡ ਤੇਰੀ ਦਾਤਿ ॥**

ਜਿੰਨਾਂ ਸੱਚਾ/ਸੁੱਚਾ ਉਹ ਆਪ (ਸਾਡੇ ਅੰਦਰ ਵੱਸਦਾ) ਹੈ, ਓਨੀ ਹੀ ਉੱਤਮ/ਪਵਿੱਤਰ ਉਸਦੀ (ਰੱਬੀ ਗੁਣਾਂ ਵਾਲ਼ੀ) ਦਾਤ ਹੈ

**ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥**

ਜਿਸ ਗੁਣਾਂ ਵਾਲ਼ੀ ਦਾਤ ਨੇ ਸਾਡੇ ਅੰਦਰ ਗਿਆਨ ਦਾ ਚਾਨਣ (ਦਿਨ ਚੜ੍ਹਾ) ਦਿੱਤਾ ਹੈ; ਤੇ ਅੰਦਰਲੀ ਅਗਿਆਨਤਾ/ਔਗੁਣਾਂ ਨੂੰ ਖਤਮ ਕੀਤਾ ਹੈ (ਉਨ੍ਹਾਂ ਦੀ ਰਾਤ ਕਰ ਦਿੱਤੀ ਹੈ)

**ਖਸਮੁ ਵਿਸਾਰਹਿ ਤੇ ਕਮਜਾਤਿ ॥**

ਜੋ ਐਸੇ ਮਾਲਕ ਨੂੰ ਭੁੱਲਦੇ ਨੇ ਓਹੀ ਅੰਦਰੋਂ-ਬਾਹਰੋਂ ਮੈਲੇ ਹੋ ਕੇ ਮਾੜੇ ਕਰਮ ਕਰਦੇ ਜਾਂਦੇ ਨੇ

**ਨਾਨਕ ਨਾਵੈ ਬਾਝੁ ਸਨਾਤਿ ॥੪॥੩॥**

ਰੱਬੀ ਗੁਣਾਂ/ਨਾਮ ਤੋਂ ਬਿਨਾ ਉਹ (ਮਨ ਅਤੇ ਮੱਤ ਕਰਕੇ) ਨੀਵੇਂ ਹੁੰਦੇ ਜਾਂਦੇ ਨੇ

**ਰਾਗੁ ਗੂਜਰੀ ਮਹਲਾ ੪ ॥**

ਰਾਗ ਗੂਜਰੀ ਵਿੱਚ ਚੌਥੇ ਨਾਨਕ ਜੀ ਦਾ ਸ਼ਬਦ ਹੈ

**ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥**

ਰੱਬ ਦੇ ਪਿਆਰੇ, ਸੱਚੇ ਗਿਆਨ ਦੇ ਸੋਮੇ ਮੇਰੇ ਸਤਿਗੁਰੂ ਜੀ ਮੈਂ ਇੱਕ ਬੇਨਤੀ ਕਰਦਾ ਹਾਂ ਤੁਹਾਡੇ ਪਾਸ

**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥**

ਅਸੀਂ ਵਿਕਾਰਾਂ/ਅਗਿਆਨਤਾ 'ਚ ਪਏ ਨੀਵਾਂ/ਨੀਚ ਜੀਵਨ ਜੀ ਰਹੇ ਹਾਂ, ਦਇਆ ਕਰਕੇ ਰੱਬੀ ਗੁਣਾਂ ਦਾ ਪ੍ਰਕਾਸ਼/ਚਾਨਣ ਕਰੋ

**ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ ॥**

ਮੇਰੇ (ਸੱਚੇ) ਮਿੱਤਰ ਗੁਰੂ ਜੀ ਮੈਨੂੰ ਰੱਬੀ ਨਾਮ/ਗੁਣਾਂ ਦਾ ਚਾਨਣ ਕਰੋ

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ**
**ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥**

ਗੁਰੂ ਦੀ ਮੱਤ ਵਿੱਚੋਂ ਮਿਲ਼ੇ ਰੱਬੀ ਗੁਣ/ਨਾਮ ਮੇਰੇ ਜੀਵਨ ਦੇ ਅਸਲ ਮਿੱਤਰ ਨੇ, ਤੇ ਏਹੋ ਉਸ ਰੱਬ ਦੀ ਅਸਲੀ ਕੀਰਤ ਹੈ ਜੋ ਮੇਰੇ ਜੀਵਨ 'ਚ ਹਰ ਉੱਚੇ-ਨੀਵੇਂ ਰਾਹ 'ਤੇ ਕੰਮ ਆਉਣ ਵਾਲ਼ੀ ਪੂੰਜੀ/ਦੌਲਤ ਹੈ

**ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**

ਜਿਨ੍ਹਾਂ ਦੇ ਮਨ ਵਿੱਚ ਗੁਰੂ ਕੋਲੋਂ ਰੱਬੀ ਗੁਣਾਂ ਨੂੰ ਲੈਣ ਦੀ ਤਾਂਘ/ਪਿਆਸ ਬਣੀ ਹੈ ਉਹ ਰੱਬ ਦੇ ਪਿਆਰੇ ਸੱਚੀ ਭਾਗਾਂਵਾਲ਼ੇ ਨੇ

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥**

ਉਹ ਗੁਰੂ ਗਿਆਨ ਰਾਹੀਂ ਰੱਬੀ ਗੁਣਾਂ ਨੂੰ ਲੈ ਕੇ ਰੱਜਦੇ ਨੇ, ਤੇ ਲਗਾਤਾਰ (ਗੁਰੂ ਗਿਆਨ ਦਾ) ਸੰਗ ਕਰ-ਕਰ ਕੇ ਰੱਬੀ ਗੁਣਾਂ ਨਾਲ਼ ਖੁਦ ਅੰਦਰ ਚਾਨਣ ਕਰਦੇ ਨੇ

**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ**
**ਤੇ ਭਾਗਹੀਣ ਜਮ ਪਾਸਿ ॥**

ਜਿਨ੍ਹਾਂ ਅੰਦਰ ਰੱਬੀ ਗੁਣਾਂ ਦਾ ਰਸ/ਤਾਂਘ ਨਹੀਂ ਬਣੀ ਉਹ ਅਸਲ 'ਚ ਭਾਗਾਂ ਤੋਂ ਹੀਣੇ ਸਦਾ ਵਿਕਾਰਾ (ਜਮ) ਵਿੱਚ ਫਸੇ ਰਹਿੰਦੇ ਨੇ

**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ**
**ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥**

ਜੋ ਰੱਬੀ ਗੁਣਾਂ ਦੇ ਦਾਤੇ ਗੁਰੂ-ਗਿਆਨ ਦੇ ਸੰਗ ਵਿੱਚ ਨਹੀਂ ਆਏ ਉਨ੍ਹਾ ਦਾ ਜੀਵਨ ਧ੍ਰਿਗ/ਨੀਵਾਂ ਹੁੰਦਾ ਜਾਂਦਾ ਹੈ

**ਜਿਨ ਹਰਿਜਨ ਸਤਿਗੁਰ ਸੰਗਤਿ ਪਾਈ**
**ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥**

ਜਿਨ੍ਹਾਂ ਨੇ ਸਤਿਗੁਰ ਦੇ ਗਿਆਨ ਦੀ ਸੰਗਤ ਕੀਤੀ ਉਹ ਅਪਣੇ ਮੱਥੇ/ਮੱਤ ਵਿੱਚ ਇਨ੍ਹਾਂ ਰੱਬੀ ਗੁਣਾਂ ਨੂੰ ਲਿਖਦੇ/ਵਸਾਈ ਜਾਂਦੇ ਨੇ

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥**

ਐਸੇ ਰੱਬੀ ਗਿਆਨ ਦੀ ਸੰਗਤ ਧੰਨ ਹੈ ਜਿੱਥੋਂ ਰੱਬੀ ਪਿਆਰ ਮਿਲ਼ਦਾ ਹੈ ਤੇ ਜਿਸ ਵਿੱਚ ਮਿਲ਼ ਕੇ ਰੱਬੀ ਗੁਣਾਂ ਦਾ ਪ੍ਰਕਾਸ਼/ਚਾਨਣ ਹੁੰਦਾ ਹੈ

**ਰਾਗੁ ਗੂਜਰੀ ਮਹਲਾ ੫ ॥**

ਰਾਗ ਗੂਜਰੀ ਵਿੱਚ ਪੰਜਵੇਂ ਨਾਨਕ ਜੀ ਦਾ ਸ਼ਬਦ ਹੈ

**ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥**

ਮੇਰੇ ਮਨਾ ਤੂੰ ਕਾਹਨੂੰ ਐਨੀ ਸੋਚ/ਚਿੰਤਾ ਕਰਦਾ ਹੈਂ; ਜੀਵਨ ਦੇਣ ਵਾਲ਼ਾ ਪਰਮਾਤਮਾ ਤੇਰੇ ਨਾਲ਼ ਹੈ

**ਸੈਲ ਪਥਰ ਮਹਿ ਜੰਤ ਉਪਾਏ**
**ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥**

ਸਖਤ ਪੱਥਰਾਂ ਦੇ ਅੰਦਰ ਵੀ ਜੀਵ ਰਹਿੰਦੇ ਨੇ, ਓਨ੍ਹਾਂ ਨੂੰ ਵੀ ਰਿਜ਼ਕ ਦੇ ਕੇ ਉਹ ਪਾਲ਼ਦਾ ਹੈ

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥**

ਜੋ ਵੀ ਅਪਣੇ ਅੰਦਰ ਰੱਬੀ ਗਿਆਨ (ਸੱਚ) ਦਾ ਸੰਗ ਕਰਦੇ ਨੇ ਉਹ (ਡਰ-ਫਿਕਰ ਦੇ ਸਾਗਰ 'ਚੋਂ) ਨਿਕਲ਼ (ਤਰ) ਜਾਂਦੇ ਨੇ

**ਗੁਰਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥**

ਗੁਰੂ ਦੀ ਕਿਰਪਾ/ਸਿੱਖਿਆ ਨਾਲ਼ ਅੰਦਰ (ਰੱਬ ਨਾਲ਼ ਇੱਕਮਿਕਤਾ ਦੀ ਉਹ) ਉੱਤਮ ਪਦਵੀ ਮਿਲ਼ਦੀ ਹੈ ਜਿੱਥੇ (ਫਿਕਰਾਂ 'ਚ) ਸੁੱਕੀ ਲੱਕੜ (ਉਦਾਸ) ਹੋਇਆ ਮਨ ਹਰਿਆ (ਸ਼ਾਂਤ) ਹੋ ਜਾਂਦਾ ਹੈ

**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥**

ਮੇਰੇ ਮਨਾ! ਮਾਂ-ਬਾਪ, ਪੁੱਤਰ-ਧੀਆਂ ਜਾਂ ਕੋਈ ਵੀ ਕਿਸੇ ਹੋਰ ਦਾ ਦਿੱਤਾ ਨਹੀਂ ਖਾਂਦਾ

**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥**

ਹਰੇਕ ਨੂੰ ਪਰਮਾਤਮਾ ਰਿਜ਼ਕ ਦੇਂਦਾ ਹੈ; ਤੂੰ ਕਾਹਨੂੰ ਭਉ/ਫਿਕਰ ਕਰਦਾ ਹੈਂ

**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**

ਸੌ-ਸੌ ਕੋਹ ਦੂਰ ਅਪਣੇ ਬੱਚੇ ਅਲ੍ਹਣੇ ‘ਚ ਛੱਡ ਕੇ ਪਰੰਦੇ ਉੱਡ ਆਉਂਦੇ ਨੇ

**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥**

ਮੇਰੇ ਮਨਾ! ਚੇਤੇ ਰੱਖ, ਉਨ੍ਹਾਂ ਪੰਛੀਆਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਖਵਾਉਣ/ਚੁਗਾਉਣ ਵਾਲ਼ਾ ਕੌਣ ਹੈ

**ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥**

(ਸੱਚ ਦੀ ਸੰਗਤ ‘ਚੋਂ ਇਹ ਜਾਣ ਕਿ) ਰੱਬ ਤਾਂ ਸਾਰੇ ਖਜ਼ਾਨੇ ਤੇ ਸ਼ਕਤੀਆਂ ਸਾਡੀ ਤਲੀ/ਹੱਥ ‘ਚ ਰੱਖ ਰਿਹਾ ਹੈ (ਉਸਨੂੰ ਭੁੱਲ ਕੇ ਹੀ ਡਰ-ਫਿਕਰ ਲੱਗਦੇ ਨੇ)

**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ**
**ਤੇਰਾ ਅੰਤੁ ਨ ਪਾਰਾਵਰਿਆ ॥੪॥੫॥**

ਫਿਕਰ ਕਰਨ ਦੀ ਥਾਂ ਉਸ ਦੀਆਂ ਬੇਅੰਤ ਦਾਤਾਂ ਤੋਂ ਸਦਾ ਬਲਿਹਾਰ ਜਾਈਏ (ਸ਼ੁਕਰਾਨਾ ਕਰੀਏ)

**ਰਾਗੁ ਆਸਾ ਮਹਲਾ ੪**

ਆਸਾ ਰਾਗ ਵਿੱਚ ਚੌਥੇ ਨਾਨਕ ਜੀ ਦਾ ਇਹ ਸ਼ਬਦ ਹੈ

# ਸੋ ਪੁਰਖੁ

ਇਸ ਸ਼ਬਦ ਦਾ ਸਿਰਲੇਖ ਹੈ "ਸੋ ਪੁਰਖ" – ਉਹ ਪਰਮਾਤਮਾ ਜੋ ਸਭ ਕਰ ਰਿਹਾ ਹੈ (ਕਰਤਾ ਪੁਰਖ)

**ੴ ਸਤਿਗੁਰ ਪ੍ਰਸਾਦਿ ॥**

ਇੱਕ ਰੱਬ ਜੋ ਹਰ ਪਲ, ਹਰ ਥਾਂ, ਸਰਿਆਂ 'ਚ ਹੈ, ਸਦਾ ਹੈ, ਤੇ ਗੁਰੂ ਦੀ ਕਿਰਪਾ/ਗਿਆਨ ਰਾਹੀਂ (ਅੰਦਰ) ਹੀ ਮਿਲ਼ਦਾ ਹੈ

**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ**
**ਹਰਿ ਅਗਮਾ ਅਗਮ ਅਪਾਰਾ ॥**

ਮੇਰੇ ਮਨਾ! ਇਹ ਜਾਣ ਕਿ (ਸਾਰਿਆਂ ਅੰਦਰ ਵੱਸਦੇ) ਪਰਮਾਤਮਾ ਵਿੱਚ ਕੋਈ ਕਮੀ/ਊਣਤਾਈ ਨਹੀਂ, ਤੇ ਉਸਦੇ ਗੁਣ ਬੇਅੰਤ ਨੇ

**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥**

(ਕਹਿ, ਕਿ) ਸਭ/ਸਾਰੇ ਜੀਵ ਤੇਰੇ ਧਿਆਨ ਵਿੱਚ ਨੇ (ਤੂੰ ਸਭ ਦਾ ਧਿਆਨ ਰੱਖਦਾ ਹੈਂ)

**ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥**

ਸਾਰੇ ਜੀਵ ਤੇਰੇ ਜੀ ਬਣਾਏ ਹੋਏ ਨੇ, ਤੂੰ ਹੀ ਸਾਰਿਆਂ ਨੂੰ (ਹੁਕਮ, ਗੁਣ ਤੇ ਸ਼ਕਤੀਆਂ ਦੀਆਂ) ਦਾਤਾਂ ਦੇਂਦਾ ਹੈਂ

**ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥**

ਮੇਰੇ ਭਲੇ ਗਿਆਨ ਇੰਦ੍ਰੇਓ, ਉਸ ਪ੍ਰਭੂ ਵੱਲ ਧਿਆਨ ਕਰੋ ਤਾਂ (ਵਿਕਾਰਾਂ ਤੋਂ ਪੈਦਾ ਹੋਏ) ਸਭ ਦੁੱਖ ਖਤਮ ਹੁੰਦੇ ਨੇ

**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ**
**ਕਿਆ ਨਾਨਕ ਜੰਤ ਵਿਚਾਰਾ ॥੧॥**

ਉਹ ਐਸਾ ਮਾਲਕ (ਕਰਤਾ ਪੁਰਖ) ਹੈ ਜੋ ਅਪਣੇ ਸੇਵਕ (ਰਚਨਾ) ਤੋਂ ਵੱਖ ਨਹੀਂ (ਉਸ 'ਚ ਹੀ ਸਮਾਇਆ ਹੈ)।(ਉਸ ਤੋਂ ਬਿਨਾ) ਮੈਂ ਵਿਚਾਰਾ ਕੀ ਹਾਂ?

**ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥**

(ਮੇਰੇ ਮਨਾ ਕਹਿ, ਕਿ) ਤੂੰ ਸਾਰਿਆਂ ਅੰਦਰ ਨਿਰੰਤਰ/ਸਦਾ ਇੱਕੋ ਜਿਹਾ ਵੱਸਿਦਾ ਹੈਂ

**ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥**

ਮੇਰੀ ਅਕਲ ਨੂੰ ਜੋ ਦਾਤੇ/ਤਕੜੇ ਤੇ ਭਿਖਾਰੀ/ਮਾੜੇ ਦਿਸਦੇ ਨੇ, ਇਨ੍ਹਾਂ ਸਾਰਿਆਂ 'ਚ ਵੀ ਤੇਰਾ ਹੀ ਖੇਲ/ਹੁਕਮ ਚੱਲਦਾ ਹੈ

**ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥**

ਦਾਤਾਂ ਦੇਣ ਵਾਲ਼ਾ ਵੀ ਤੂੰ, ਤੇ ਲੈਣ ਵਾਲਿਆਂ 'ਚ ਵੀ ਤੂੰ – ਮੈਂ ਇਸ ਤੋਂ ਇਲਾਵਾਂ ਹੋਰ ਨਾ ਜਾਣਾਂ/ਸੋਚਾਂ

**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥**

ਹੇ ਪ੍ਰਭੂ! ਤੂੰ ਬੇਅੰਤ ਹੈਂ, ਤੇਰੇ ਗੁਣਾਂ ਨੂੰ ਮੈਂ ਅਪਣੇ ਮਨ ਦੀ ਮੱਤ ਨਾਲ਼ ਨਹੀਂ ਕਹਿ ਸਕਦਾ

**ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥**

ਜੋ ਅਪਣੇ ਅੰਦਰ ਵੱਸਦੇ ਪ੍ਰਭੂ ਦੀ ਸੇਵਾ ਕਰਦੇ ਨੇ (ਤੇਰੇ ਹੁਕਮ ਨੂੰ ਮੰਨਦੇ ਨੇ) ਮੈਂ ਉਨ੍ਹਾਂ ਤੋਂ ਕੁਰਬਾਣ ਜਾਂਵਾਂ

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ**
**ਸੇ ਜਨ ਜੁਗ ਮਹਿ ਸੁਖਵਾਸੀ ॥**

ਜੋ ਹਰੇਕ 'ਚ ਵੱਸਦੇ ਪਰਮਾਤਮਾ ਵੱਲ ਧਿਆਨ ਕਰਦੇ ਨੇ ਉਹ ਸੁਖੀ ਵੱਸਦੇ ਨੇ

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ ॥**

ਕਿਉਂਕਿ ਉਹ ਵਿਕਾਰਾਂ ਤੋਂ ਮੁਕਤ ਹੋ ਕੇ ਡਰ-ਫਿਕਰ ਵਰਗੇ ਜਮਾਂ ਦੇ ਫਾਹੇ ਤੋੜ ਲੈਂਦੇ ਨੇ

**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ ॥**

ਜੋ ਅਪਣੇ ਅੰਦਰ ਵੱਸਦੇ ਨਿਰਭਉ ਪਰਮਾਤਮਾ ਵੱਲ ਧਿਆਨ ਕਰਦੇ ਨੇ (ਹੁਕਮ 'ਚ ਜੀਊਂਦੇ ਨੇ) ਉਨ੍ਹਾਂ ਦੇ ਸਾਰੇ ਭਉ/ਡਰ ਮੁੱਕ ਜਾਂਦੇ ਨੇ

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ**
**ਤੇ ਹਰਿ ਹਰਿ ਰੂਪਿ ਸਮਾਸੀ ॥**

ਜੋ ਅਪਣੇ ਅੰਦਰ ਵੱਸਦੇ ਰੱਬ ਦੀ ਸੇਵਾ ਕਰਦੇ ਨੇ (ਹੁਕਮ ਨੂੰ ਮੰਨਦੇ ਨੇ) ਉਹ ਓਸੇ ਦਾ ਹੀ ਰੂਪ ਹੋ ਜਾਂਦੇ ਨੇ

**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ**
**ਜਨੁ ਨਾਨਕੁ ਤਿਨ ਬਲਿ ਜਾਸੀ ॥੩॥**

ਧੰਨ ਨੇ ਉਹ ਜੋ ਅਪਣੇ ਅੰਦਰ ਵੱਸਦੇ ਰੱਬ (ਦੇ ਹੁਕਮ) ਵੱਲ ਧਿਆਨ ਕਰਦੇ ਨੇ। ਮੈਂ ਉਨ੍ਹਾਂ ਤੋਂ ਬਲਿਹਾਰ ਜਾਂਵਾਂ

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥**

ਹੇ ਪ੍ਰਮਾਤਮਾ! ਤੇਰੀ ਭਗਤੀ ਕਰਨ (ਹੁਕਮ 'ਚ ਜੀਊਣ) ਨਾਲ਼ ਤਾਂ ਅੰਦਰ (ਰੱਬੀ ਗੁਣਾਂ ਤੇ ਅਨੰਦ ਦੇ) ਬੇਅੰਤ ਭੰਡਾਰ ਭਰੇ ਰਹਿੰਦੇ ਨੇ

**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ**
**ਹਰਿ ਅਨਿਕ ਅਨੇਕ ਅਨੰਤਾ ॥**

ਕਹਿਣ ਨੂੰ ਤਾਂ ਅਨੇਕਾਂ ਹੀ ਖੁਦ ਨੂੰ ਭਗਤ ਕਹਾਉਣ ਵਾਲ਼ੇ ਤੇਰੀਆਂ ਸਿਫਤਾਂ (ਮੂਹੋਂ) ਕਰਦੇ ਨੇ

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ**
**ਤਪੁ ਤਾਪਹਿ ਜਪਹਿ ਬੇਅੰਤਾ ॥**

ਬੇਅੰਤ ਹੀ ਤਰ੍ਹਾਂ ਨਾਲ਼ ਤੇਰੀ ਪੂਜਾ ਕਰਨ ਵਾਲ਼ੇ ਤੇ ਬਾਹਰੀ ਹਠ/ਤਪ ਕਰਣ ਵਾਲ਼ੇ ਵੀ ਬੇਅੰਤ ਨੇ

**ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ**
**ਕਰਿ ਕਿਰਿਆ ਖਟੁ ਕਰਮ ਕਰੰਤਾ ॥**

ਅਨੇਕਾਂ ਹੀ ਧਰਮ-ਗ੍ਰੰਥਾਂ ਦੇ ਪਾਠ ਪੜ੍ਹਣ ਵਾਲ਼ੇ ਤੇ ਧਾਰਮਕ ਕਰਮ-ਕਾਂਡ ਕਰਣ ਵਾਲ਼ੇ ਵੀ ਨੇ

**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ**
**ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥**

ਪਰ, ਭਗਤ ਤਾਂ ਉਹੋ ਭਲੇ ਨੇ ਜੋ ਪਰਮਾਤਮਾ ਨੂੰ ਭਾਉਂਦੇ ਨੇ (ਜੋ ਉਸਦੇ ਹੁਕਮ 'ਚ ਜੀਉਂਦੇ ਨੇ)

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥**

ਹੇ ਪ੍ਰਭੂ! ਤੂੰ ਸਾਡਾ ਆਦਿ/ਮੁਢ ਹੈਂ, ਕਰਤਾ (ਸਾਨੂੰ ਬਣਾਉਣ ਵਾਲ਼ਾ) ਹੈਂ; ਤੇਰੀ ਬਰਾਬਰੀ ਕੋਈ ਨਹੀਂ ਕਰ ਸਕਦਾ

**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥**

ਹੇ ਕਰਤਾ ਪੁਰਖ! (ਮੈਂ ਇਹ ਜਾਣਾਂ ਕਿ) ਤੂੰ ਸਦਾ ਤੋਂ ਸਾਰੀ ਰਚਨਾ ਕਰਕੇ ਇਕਰਸ ਸਾਰਿਆਂ 'ਚ ਵੱਸਦਾ ਹੈਂ

**ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥**

ਜੋ ਤੈਨੂੰ ਭਾਉਂਦਾ ਹੈ (ਜੋ ਤੇਰਾ ਹੁਕਮ ਹੈ) ਓਹੋ ਮੇਰੇ ਅੰਦਰ ਵਰਤੇ (ਉਸਤੇ ਅਮਲ ਕਰਾਂ); ਉਹ ਹੋਵੇ ਜੋ ਤੂੰ (ਹੁਕਮ) ਕਰ ਰਿਹਾ ਹੈਂ

ੴ

**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥**

ਮੈਂ ਇਹ ਜਾਣਾਂ ਕਿ ਤੇਰਾ ਹੁਕਮ ਹੀ ਮੇਰੇ ਅੰਦਰ-ਬਾਹਰ ਦੀ ਸ੍ਰਿਸ਼ਟੀ ਨੂੰ ਬਣਾਉਂਦਾ ਤੇ ਢਾਉਂਦਾ ਹੈ

**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥**

ਮੈਂ ਏਹੋ ਗੁਣ/ਗਿਆਨ ਦ੍ਰਿੜ ਕਰ ਲਵਾਂ ਕਿ ਤੂੰ ਸਭ ਦਾ ਭਲਾ ਜਾਣਦਾ ਹੈਂ (ਤੂੰ ਓਹੀ ਕਰਦਾ ਹੈਂ ਜੋ ਸਭਦਾ ਭਲਾ ਹੈ, ਮੈਂ ਤੇਰੇ ਹੁਕਮ ਤੋਂ ਬਾਹਰ ਹੋ ਕੇ ਇਹ ਨਹੀਂ ਜਾਣ ਸਕਦਾ)

**ਆਸਾ ਮਹਲਾ ੪ ॥**

ਆਸਾ ਰਾਗ ਵਿੱਚ ਚੌਥੇ ਨਾਨਕ ਜੀ ਦਾ ਇਹ ਸ਼ਬਦ ਹੈ

**ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥**

ਹੇ ਕਰਤਾ (ਪੁਰਖ ਪਰਮਾਤਮਾ)! ਤੂੰ ਹੀ ਮੇਰਾ ਮਾਲਕ ਹੈਂ

**ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥**

ਮੈਨੂੰ ਸੁਮੱਤ ਬਖਸ਼ ਕਿ ਜੋ ਤੈਨੂੰ ਭਾਉਂਦਾ ਹੈ (ਜੋ ਤੇਰਾ ਹੁਕਮ ਹੈ), ਓਹੀ ਮੇਰ ਕੋਲੋਂ ਹੋਵੇ; ਜੋ ਤੂੰ ਗਿਆਨ ਦੇ ਰਿਹਾ ਹੈਂ ਓਹੋ ਮੈਂ ਹਾਸਲ/ਦ੍ਰਿੜ ਕਰੀ ਜਾਵਾਂ

**ਸਭ ਤੇਰੀ ਤੂੰ ਸਭਨੀ ਧਿਆਇਆ ॥**

ਇਹ ਸਾਰੀ ਰਚਨਾ ਤੇਰੀ ਹੀ ਹੈ ਮਾਲਕ, ਤੇ ਸਭ ਦਾ ਧਿਆਨ ਤੂੰ ਰੱਖਦਾ ਹੈਂ (ਸਭ ਦੇ ਅੰਦਰ ਵੱਸ ਕੇ ਸਚਿਆਰ ਹੋਣ ਵਾਲ਼ਾ ਰਾਹ ਦੱਸਦਾ ਹੈਂ)

**ਜਿਸਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥**

ਜਿਨ੍ਹਾਂ ਅੰਦਰ ਇਹ ਨਾਮ/ਗੁਣਾਂ ਦਾ ਕੀਮਤੀ ਰਤਨ ਮਿਲਿਆ ਹੈ ਉਹ ਵੀ ਤੇਰੀ (ਹੁਕਮ ਦੀ) ਹੀ ਕਿਰਪਾ ਹੈ

**ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥**

ਗੁਰੂ-ਗਿਆਨ ਨੂੰ ਮੰਨਣ ਵਾਲਿਆਂ ਨੇ ਇਹ ਖਜ਼ਾਨਾ ਪ੍ਰਾਪਤ ਕੀਤਾ ਹੈ, ਤੇ ਮਨ ਦੀ ਮੱਤ ਮਗਰ ਲੱਗਣ ਵਾਲ਼ੇ ਅੰਦਰੋਂ ਸਭ ਕੁਝ ਗੁਆ ਲੈਂਦੇ ਨੇ

**ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥**

(ਮਨ ਦੀ ਮੱਤ ਵਾਲ਼ੇ) ਖੁਦ ਨੂੰ ਤੇਰੇ ਤੋਂ ਵਿਛੋੜ ਲੈਂਦੇ ਨੇ, ਤੇ (ਗੁਰੂ ਦੀ ਮੱਤ ਵਾਲ਼ੇ) ਖੁਦ ਨੂੰ ਤੇਰੇ ਨਾਲ਼ ਮਿਲ਼ਾ ਲੈਂਦੇ ਨੇ

**ਤੂੰ ਦਰੀਆਉ ਸਭ ਤੁਝ ਹੀ ਮਾਹਿ ॥**

ਮੇਰੇ ਮਾਲਕ ! ਤੂੰ ਮੇਰੇ ਅੰਦਰ ਸਾਰੇ ਗੁਣਾਂ ਤੇ ਅਨੰਦ ਦਾ ਸਾਗਰ/ਸੋਮਾ ਹੈਂ

**ਤੁਝ ਬਿਨੁ ਦੂਜਾ ਕੋਈ ਨਾਹਿ ॥**

ਤੇਰੇ ਤੋਂ ਬਿਨਾਂ ਹੋਰ ਕੋਈ (ਇਹ ਦਾਤ ਦੇਣ ਵਾਲ਼ਾ) ਨਹੀਂ

**ਜੀਅ ਜੰਤ ਸਭਿ ਤੇਰਾ ਖੇਲੁ ॥**

ਸਾਰਿਆਂ 'ਚ ਤੇਰੇ ਹੁਕਮ ਦੀ ਹੀ ਖੇਡ ਵਰਤ ਰਹੀ ਹੈ

**ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥**

(ਜੋ ਹੁਕਮ ਤੋਂ ਮੁਨਕਰ ਨੇ ਉਹ) ਅੰਦਰ ਵੱਸਦੇ (ਮਿਲ਼ੇ) ਪਰਮਾਤਮਾ ਤੋਂ ਵਿਛੜ ਜਾਂਦੇ ਨੇ, ਤੇ (ਹੁਕਮ ਨੂੰ ਮੰਨਣ ਵਾਲ਼ੇ) ਤੇਰੇ ਨਾਲ਼ ਮਿਲ਼ ਜਾਂਦੇ ਨੇ

**ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥**

ਤੇਰੇ ਹੁਕਮ ਰਾਹੀਂ ਜਿਨ੍ਹਾਂ ਨੂੰ ਇਹ (ਮਿਲਾਪ ਦਾ ਰਾਹ) ਮਿਲਿਆ ਓਹੀ ਜਾਣ/ਸਮਝ ਪਾਉਂਦੇ ਨੇ

**ਹਰਿ ਗੁਣ ਸਦਹੀ ਆਖਿ ਵਖਾਣੈ ॥**

ਤੇ ਰੱਬੀ ਗੁਣਾਂ ਨੂੰ ਸਦਾ ਆਖਦੇ (ਹਿਰਦੇ 'ਚ ਦ੍ਰਿੜ੍ਹ ਕਰਦੇ) ਨੇ

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥

ਜੋ ਅਪਣੇ ਅੰਦਰ ਵੱਸਦੇ ਪ੍ਰਭੂ (ਦੇ ਹੁਕਮ) ਦੀ ਸੇਵਾ ਕਰਦੇ ਨੇ (ਅਮਲ ਕਰਦੇ ਨੇ), ਉਹ ਸੁਖ ਪ੍ਰਾਪਤ ਕਰਦੇ ਨੇ

ਸਹਜੇ ਹੀ ਹਰਿ ਨਾਮਿ ਸਮਾਇਆ ॥੩॥

ਰੱਬੀ ਗਿਆਨ ਨੂੰ ਮੰਨ ਕੇ ਮਿਲ਼ਦੇ ਸਹਿਜ ਨਾਲ਼ ਉਹ ਰੱਬੀ ਨਾਮ/ਗੁਣਾਂ 'ਚ ਸਮਾਏ ਰਹਿੰਦੇ ਨੇ

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥

ਹੇ ਪ੍ਰਭੂ ! ਤੂੰ ਹੀ (ਸਾਡਾ) ਕਰਤਾ (ਬਣਾਉਣ ਵਾਲ਼ਾ) ਹੈਂ; (ਸਾਡੇ ਅੰਦਰ) ਸਭ ਕੁੱਝ ਤੇਰਾ ਹੀ ਕੀਤਾ/ਬਣਾਇਆ ਹੋਇਆ ਹੈ

ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥

ਤੇਰੇ ਬਿਨਾਂ ਸਾਡੇ ਅੰਦਰ (ਨਵੀਂ ਬਣਤਰ ਬਣਾਉਣ ਵਾਲ਼ਾ) ਕੋਈ ਹੋਰ ਦੂਜਾ ਹੈ ਹੀ ਨਹੀਂ

ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥

ਉਹ ਮਨ ਹੀ ਤੈਨੂੰ ਜਾਣ ਪਾਉਂਦਾ ਹੈ ਜੋ ਤੇਰੇ ਹੁਕਮ 'ਤੇ ਅਮਲ ਕਰ-ਕਰ ਕੇ ਅਪਣੇ ਅੰਦਰ ਤੈਨੂੰ ਵੇਖਦਾ ਹੈ

ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥

ਗੁਰੂ ਗਿਆਨ ਵੱਲ ਮੁੱਖ ਕਰਕੇ (ਮੰਨ ਕੇ) ਹੀ ਇਹ ਮਨ ਤੈਨੂੰ ਅੰਦਰ ਪਰਗਟ ਕਰਦਾ ਹੈ (ਮਿਲ਼ ਲੈਂਦਾ ਹੈ)

ਆਸਾ ਮਹਲਾ ੧ ॥

ਆਸਾ ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ

**ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥**

ਅਸੀਂ ਅਪਣਾ ਜੀਵਨ ਐਸੇ ਸਰੋਵਰ ਵਿੱਚ ਬਣਾ ਲਿਆ ਹੈ ਜਿੱਥੇ (ਸਬਰ-ਸੰਤੋਖ ਵਰਗੇ ਗੁਣਾਂ ਦੇ) ਪਾਣੀ ਦੀ ਜਗ੍ਹਾ (ਤ੍ਰਿਸ਼ਨਾ ਵਰਗੇ ਵਿਕਾਰਾਂ ਦੀ) ਅੱਗ ਹੈ

**ਪੰਕ ਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥**

ਇਨ੍ਹਾਂ ਵਿਕਾਰਾਂ ਨਾਲ਼ ਐਸਾ ਮੋਹ/ਪਿਆਰ ਪਾ ਲਿਆ ਹੈ ਕਿ ਨਿਕਲਿਆ ਵੀ ਨਹੀਂ ਜਾਂਦਾ, ਸਗੋਂ ਹੋਰ ਡੂੰਘੇ ਡੁੱਬਦੇ ਜਾਂਦੇ ਹਾਂ

**ਮਨ ਏਕੁ ਨ ਚੇਤਸਿ ਮੂੜ ਮਨਾ ॥**

ਮੇਰੇ ਮਨਾ! ਜੇ ਤੂੰ ਇਕ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ (ਉਸਦੇ ਹੁਕਮ ਨੂੰ ਅਮਲ 'ਚ ਨਹੀਂ ਲਿਆਉਂਦਾ), ਤਾਂ ਇਹ ਤੇਰੀ ਮੂਰਖਤਾ ਹੈ

**ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥**

(ਚੇਤੇ ਰੱਖ ਕਿ) ਉਸਨੂੰ ਭੁਲਾ/ਅਣਗੌਲਿਆਂ ਕਰਕੇ ਤੇਰੇ ਅੰਦਰੋਂ ਚੰਗੇ ਗੁਣ ਗ਼ਲਦੇ (ਦੂਰ ਹੋਈ) ਜਾਂਦੇ ਨੇ

**ਨਾ ਹਉ ਜਤੀ ਸਤੀ ਨਹੀ ਪੜਿਆ**
**ਮੂਰਖ ਮੁਗਧਾ ਜਨਮੁ ਭਇਆ ॥**

ਮੇਰੇ ਮਨਾ! ਇਹ ਆਖ ਕਿ, ਹੇ ਪ੍ਰਮਾਤਮਾ ਮੈਂ ਕੋਈ ਜਤੀ-ਸਤੀ ਨਹੀਂ, ਕੋਈ ਬਹੁਤਾ ਪੜ੍ਹਿਆ ਨਹੀਂ, ਸਗੋਂ ਸਦਾ ਤੋਂ ਗਲਤਿਆਂ ਕਰਦਾ ਆ ਰਿਹਾ ਮੂਰਖ ਹਾਂ (ਅਪਣੀ ਹਉਮੈ ਨੂੰ ਪਾਸੇ ਕਰ)

**ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ ॥੨॥੩॥**

ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਉਨ੍ਹਾਂ (ਸ਼ੁਭ ਗੁਣਾਂ-ਵਿਚਾਰਾਂ) ਦੀ ਸ਼ਰਣ ਬਖਸ਼ੋ ਜਿਨ੍ਹਾਂ (ਦੀ ਰਹਿਨੁਮਾਈ) ਨਾਲ਼ ਮੈਨੂੰ ਤੂੰ (ਤੇਰਾ ਹੁਕਮ) ਨਾ ਭੁੱਲੇਂ

**ਆਸਾ ਮਹਲਾ ੫ ॥**

ਆਸਾ ਰਾਗ ਵਿੱਚ ਪੰਜਵੇਂ ਨਾਨਕ ਜੀ ਦਾ ਸ਼ਬਦ

**ਭਈ ਪਰਾਪਤਿ ਮਾਨੁਖ ਦੇਹੁਰੀਆ ॥**

ਮੇਰੇ ਮਨਾ! ਇਹ ਜੋ ਮਨੁੱਖ ਵਾਲਾ ਸ਼ਰੀਰ ਮਿਲ਼ ਗਿਆ ਹੈ ਇਹ ਤੇਰੇ ਬਾਹਰੀ ਜੀਵਨ (ਸੁਖ-ਸੁਵਿਧਾ ਨੂੰ ਕਮਾਉਣ-ਹੰਢਾਉਣ) ਲਈ ਬਹੁਤ (ਪ੍ਰਾਪਤ=ਪਰਿਆਪਤ=ਬਹੁਤ) ਹੈ

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**

ਪਰ ਨਾਲ਼ ਹੀ (ਅਪਣੇ ਅੰਦਰਲੇ ਸੋਹਣੇ ਜੀਵਨ ਲਈ) ਪਰਮਾਤਮਾ ਨੂੰ ਮਿਲਣ (ਇਕਮਿਕ ਹੋਣ) ਦਾ ਵੀ ਇਹ ਮੌਕਾ/ਵੇਲ਼ਾ ਹੈ

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**

ਅੰਦਰਲੇ ਵਿਕਾਰਾਂ-ਦੁਖਾਂ ਤੋਂ ਤੋਂ ਛੁੱਟਣ ਵਿੱਚ ਇਹ ਹੋਰ ਹੋਰ ਬਾਹਰੀ ਕਰਮ-ਕਾਂਡ ਤੇਰੇ ਕਿਸੇ ਕੰਮ ਨਹੀਂ ਆਉਂਦੇ

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**

ਕੇਵਲ ਗੁਰੂ ਦੀ ਸੰਗਤ (ਗਿਆਨ) ਵਿੱਚੋਂ ਰੱਬੀ ਨਾਮ/ਗੁਣਾਂ ਨੂੰ ਦ੍ਰਿੜ੍ਹ ਕਰਿਆ ਕਰ

**ਸਰੰਜਾਮਿ ਲਾਗੁ ਭਵਜਲ ਤਰਨ ਕੈ ॥**

ਵਿਕਾਰਾਂ ਦੇ ਸਾਗਰ ਤੋਂ ਪਾਰ ਹੋਣ ਦਾ ਇੰਤਜ਼ਾਮ ਕਰ ਮੇਰੇ ਮਨਾ!

**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥**

ਇਹ ਬਾਹਰੀ ਸੁੱਖ-ਦੁੱਖ ਦੇ ਭਰਮ (ਮਾਇਆ) ਵਿੱਚ ਉਮਰ ਗੁਜ਼ਰੀ ਜਾਂਦੀ ਹੈ

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥**

(ਮੇਰੇ ਮਨਾ! ਆਖ ਕਿ) ਹੇ ਪ੍ਰਭੂ, ਮੈਂ ਕੋਈ ਜਪ, ਤਪ ਜਾਂ ਧਾਰਮਕ ਸੰਜਮ ਨਹੀਂ ਕੀਤੇ

**ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**

ਤੇ ਨਾ ਹੀ ਮੈਂ ਚੰਗੀ ਸੰਗਤ 'ਚ ਬਹਿ ਕੇ ਰੱਬੀ ਗੁਣਾਂ ਨੂੰ ਜਾਨਿਆ/ਕਮਾਇਆ ਹੈ

**ਕਹੁ ਨਾਨਕ ਹਮ ਨੀਚ ਕਰੰਮਾ ॥**

ਆਖ ਕਿ, ਹੇ ਪ੍ਰਭੂ ਮੈਂ ਵਿਕਾਰਾਂ ‘ਚ ਪੈ ਕੇ ਨੀਚ ਕਰਮ ਕਰੀ ਜਾ ਰਿਹਾ ਹਾਂ

**ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਜੇ ਹੁਣ ਮੈਂ ਅਪਣੇ ਅੰਦਰ ਵੱਸਦੇ ਪਰਮਾਤਮਾ ਦੀ ਸ਼ਰਣ ਲੈ ਲਵਾਂ (ਹੁਕਮ ਮੰਨਣ ਲੱਗ ਜਾਂਵਾਂ) ਤਾਂ ਹੀ ਮੇਰੀ ਪੱਤ ਰਹਿ ਸਕਦੀ ਹੈ

# ਸੋਹਿਲਾ

ਇਸ ਬਾਣੀ ਦਾ ਨਾਂਅ "ਸੋਹਿਲਾ" ਹੈ। ਸੋਹਿਲਾ ਦਾ ਅਰਥ ਹੈ "ਉਪਮਾ/ਵਡਿਆਈ ਦੇ ਗੀਤ"

**ਰਾਗੁ ਗਉੜੀ ਦੀਪਕੀ ਮਹਲਾ ੧**

ਗਉੜੀ ਦੀਪਕੀ' ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

**ੴ ਸਤਿਗੁਰ ਪ੍ਰਸਾਦਿ ॥**

ਇੱਕ ਰੱਬ ਜੋ ਹਰ ਪਲ, ਹਰ ਥਾਂ, ਸਰਿਆਂ 'ਚ ਹੈ, ਸਦਾ ਹੈ, ਤੇ ਗੁਰੂ ਦੀ ਕਿਰਪਾ/ ਗਿਆਨ ਰਾਹੀਂ (ਅੰਦਰ) ਹੀ ਮਿਲ਼ਦਾ ਹੈ

**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥**

ਮੇਰੇ ਮਨਾ! ਜਿਸ ਅਵਸਥਾ ਵਿੱਚ ਸੱਚੇ ਰੱਬ ਦੀ ਵਡਿਆਈ ਆਖੀ/ਸਮਝੀ ਜਾ ਸਕਦੀ ਹੋਵੇ

**ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥**

ਉਸ ਅਵਸਥਾ ਵਿੱਚ (ਸਦਾ ਟਿਕ ਕੇ) ਰੱਬ ਦੀ ਵਡਿਆਈ ਨੂੰ ਗਾਇਆ/ਸਿਮਰਿਆ (ਦ੍ਰਿੜ੍ਹ ਕਰਿਆ) ਕਰ

**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥**

ਮੇਰੇ ਮਨਾ! ਨਿਰਭਉ ਪਰਮਾਤਮਾ ਦਾ ਸੋਹਿਲਾ ਗਾ (ਨਿਰਭਉ ਵਾਲ਼ੇ ਗੁਣ ਨੂੰ ਜੀਵਨ 'ਚ ਉਤਾਰ)

**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥**

ਇਸ ਸੋਹਿਲੇ/ਗੁਣ ਨੂੰ ਜੀਵਨ 'ਚ ਉਤਾਰ ਕੇ ਸਦਾ ਸੁੱਖ ਹੁੰਦਾ ਹੈ

**ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥**

ਉਹ ਸੱਚਾ ਰੱਬ ਨਿੱਤ ਤੇਰੀ ਸੰਭਾਲ ਕਰ ਰਿਹਾ ਹੈ (ਸਦਾ ਤੇਰਾ ਸਾਥ ਦੇ ਰਿਹਾ ਹੈ), ਤੇ ਅੱਗੇ ਵੀ ਦੇਵੇਗਾ

ਤੇਰੇ ਦਾਨੈ ਕੀਮਤਿ ਨਾ **ਪਵੈ** ਤਿਸੁ ਦਾਤੇ ਕਵਣੁ ਸੁਮਾਰੁ ॥੨॥

ਤੇਰੀ ਸੰਸਾਰੀ ਮੱਤ (ਭੈ/ਡਰ ਤੋਂ ਮੁਕਤ ਕਰਣ ਵੱਲ) ਕੋਈ ਅਸਰ ਨਹੀਂ ਰੱਖਦੀ, ਪਰ ਰੱਬ (ਦੇ ਹੁਕਮ) ਦਾ ਜ਼ੋਰ ਇਸ ਰਾਹ 'ਤੇ ਬੇਸ਼ੁਮਾਰ ਹੈ

ਸੰਬਤਿ ਸਾਹਾ **ਲਿਖਿਆ** ਮਿਲਿ ਕਰਿ ਪਾਵਹੁ ਤੇਲੁ ॥

ਜਿਵੇਂ ਵਿਆਹ ਦਾ ਸਮਾਂ ਤੈਅ ਹੋਣ 'ਤੇ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਨੇ, ਤੂੰ ਵੀ (ਮੇਰੇ ਮਨਾ!) ਅੰਦਰ ਵੱਸਦੇ ਪ੍ਰਭੂ ਵਿੱਚ ਮਿਲ਼ ਜਾਣ ਦਾ ਟੀਚਾ ਮਿੱਥ ਕੇ (ਰੱਬੀ ਗੁਣਾਂ ਨੂੰ ਕਮਾ ਕੇ) ਤਿਆਰੀ ਕਰ

ਦੇਹੁ ਸਜਣ **ਅਸੀਸੜੀਆ** ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥

ਤੇ ਗੁਰੂ ਗਿਆਨ ਤੋਂ ਅਸੀਸਾਂ/ਸਿੱਖਿਆਵਾਂ ਲੈ ਜਿਨ੍ਹਾਂ ਸਦਕਾ ਅਪਣੇ ਅੰਦਰ ਸਾਹਿਬ/ਰੱਬ ਨਾ਼ਲ ਮਿਲਾਪ ਹੋ ਜਾਵੇ

ਘਰਿ ਘਰਿ ਏਹੋ **ਪਾਹੁਚਾ** ਸਦੜੇ ਨਿਤ ਪਵੰਨਿ ॥

ਅਪਣੇ ਅੰਦਰ ਦੀ ਹਰ ਅਵਸਥਾ ਵਿੱਚ ਰੱਬੀ ਹੁਕਮ ਦੇ ਸਦਾ ਪੈ ਰਹੇ ਸੱਦੇ/ਅਵਾਜ਼ ਨੂੰ ਪਹੁੰਚਾ/ਵਸਾ ਲੈ

ਸਦਣਹਾਰਾ **ਸਿਮਰੀਐ** **ਨਾਨਕ** ਸੇ ਦਿਹ ਆਵੰਨਿ ॥੪॥੧॥

ਤੇ ਜਦ ਇੰਝ ਅਪਣੇ ਅੰਦਰੋਂ ਸਦਾ ਅਵਾਜ਼ ਦੇ ਰਹੇ ਰੱਬ ਨੂੰ ਸਦਾ ਚੇਤੇ/ਧਿਆਨ 'ਚ ਰੱਖੇਂਗਾ ਤਾਂ ਉਸ ਨਾ਼ਲ ਮਿਲਾਪ ਵਾ਼ਲਾ ਦਿਨ ਵੀ ਆ ਜਾਵੇਗਾ

ਰਾਗੁ **ਆਸਾ** ਮਹਲਾ ੧ ॥

ਆਸਾ ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ ਹੈ

ਛਿਅ **ਘਰ** ਛਿਅ **ਗੁਰ** ਛਿਅ ਉਪਦੇਸ ॥

ਬਾਹਰ ਭਾਵੇਂ ਹਰ ਤਰ੍ਹਾਂ ਦੇ ਵਿਦਿਅਕ/ਧਾਰਮਕ ਅਦਾਰੇ, ਉਨ੍ਹਾਂ ਦੇ ਪ੍ਰਚਾਰਕ ਤੇ ਉਨ੍ਹਾਂ ਦੇ ਉਪਦੇਸ਼ ਚੱਲਦੇ ਨੇ

**ਗੁਰੁ ਗੁਰੁ ਏਕੋ ਵੇਸ ਅਨੇਕ ॥੧॥**

ਪਰ ਸਾਡੇ ਸਾਰਿਆਂ ਦੇ ਅੰਦਰ ਇੱਕ ਪਰਮਾਤਮਾ (ਗੁਰ) ਦਾ ਹੁਕਮ ਹੀ ਅਨੇਕਾਂ ਤਰ੍ਹਾਂ ਨਾਲ਼ ਸਾਡੀ ਸਹੀ ਅਗਵਾਈ ਕਰਨ ਵਾਲ਼ਾ ਗੁਰੂ ਹੈ

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**

ਮਨ ਦੀ ਜਿਸ ਅਵਸਥਾ ਵਿੱਚ ਅਸੀਂ ਰੱਬ (ਦੇ ਹੁਕਮ) ਦੀ ਕੀਰਤ/ਪਾਲਣਾ ਕਰ ਸਕਦੇ ਹਾਂ

**ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥**

ਉਸ ਅਵਸਥਾ ਨੂੰ ਸਦਾ ਸੰਭਾਲ਼ਣਾ (ਉਸ ਪ੍ਰਤੀ ਸੁਚੇਤ ਹੋਣਾ) ਹੀ ਅਸਲ ਵਡਿਆਈ ਹੈ

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥**

ਬਾਹਰੀ ਰਚਨਾ ਵਿੱਚ ਜਿਵੇਂ ਇੱਕ ਸੂਰਜ ਦੀ ਚਾਲ ਨਾਲ਼ ਅਸੀਂ ਸਮੇਂ ਦੇ ਵੱਖ-ਵੱਖ ਹਿੱਸੇ ਬਣਾਉਂਦੇ ਹਾਂ

**ਸੂਰਜੁ ਏਕੋ ਰੁਤਿ ਅਨੇਕ ॥**

ਇੱਕ ਸੂਰਜ ਦੀ ਚਾਲ ਨਾਲ਼ ਹੀ ਅਨੇਕਾਂ ਬਦਲਦੀਆਂ ਰੁੱਤਾਂ ਥਾਪਦੇ ਹਾਂ

**ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥**

ਇਸੇ ਤਰ੍ਹਾਂ ਹੀ ਸਾਡੇ ਅੰਦਰ ਇੱਕ ਕਰਤਾ ਪੁਰਖ ਪਰਮਾਤਮਾ ਅਨੇਕਾਂ ਹੀ ਵੇਸ/ਤਰੀਕਿਆਂ ਨਾਲ਼ ਦਾਡੀ ਸੁਰਤ ਵਿੱਚ (ਗੁਰੂ ਹੋ ਕੇ) ਰਾਹ/ਉਪਦੇਸ਼ ਦੱਸਦਾ ਹੈ (ਸਾਨੂੰ ਅਪਣੇ ਅੰਦਰ ਹੀ ਉਸ ਇੱਕ ਤੇ ਧਿਆਨ ਕਰਨਾ ਚਾਹੀਦਾ ਹੈ)

**ਰਾਗੁ ਧਨਾਸਰੀ ਮਹਲਾ ੧ ॥**

ਧਨਾਸਰੀ ਰਾਗ ਵਿੱਚ ਪਹਿਲੇ ਨਾਨਕ ਜੀ ਦਾ ਸ਼ਬਦ

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**

ਮੈਂ ਜਦ ਅਸਮਾਨ ਦੇ ਅਨੰਤ ਥਾਲ ਵਿੱਚ ਸੂਰਜ-ਚੰਦ੍ਰਮਾ ਤੇ ਤਾਰਿਆਂ ਨੂੰ ਦੇਖਾਂ

**ਧੂਪੁ ਮਲਆਨ ਲੋ ਪਵਣੁ ਚਵਰੋ ਕਰੇ**
**ਸਗਲ ਬਨਰਾਇ ਫੂਲੰਤ ਜੋਤੀ ॥੧॥**

ਪਰਬਤਾਂ ਤੋਂ ਆਉਂਦੀ ਖੁਸ਼ਬੂਆਂ ਨਾ਼ਲ ਭਰੀ ਹਵਾ, ਵਿਸ਼ਾਲ ਰੁੱਖਾਂ ਦੇ ਚੌਰ, ਤੇ ਫੁਲਾਂ ਨਾ਼ਲ ਸੱਜੀ ਕਾਇਨਾਤ ਨੂੰ ਦੇਖਾਂ ਤਾਂ ਖੁਦ ਨੁ ਪੁੱਛਾਂ

**ਕੈਸੀ ਆਰਤੀ ਹੋਇ ॥ ਭਵ ਖੰਡਨਾ ਤੇਰੀ ਆਰਤੀ ॥**

ਕਿ ਤੇਰੀ ਪੂਜਾ/ਆਰਤੀ ਕਿਵੇਂ ਹੋਵੇ ਮੇਰੇ ਮਾਲਕ! (ਤੇਰੀ ਆਰਤੀ ਕਿਸੇ ਥਾ਼ਲ ਵਿੱਚ ਦੀਵੇ, ਮੋਤੀ, ਫੁੱਲ, ਧੂਫ, ਤੇ ਚੌਰ ਆਦਿਕ ਦੀ ਮੁਥਾਜ ਨਹੀਂ)

**ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥**

ਤੇਰੇ (ਹੁਕਮ ਦਾ) ਸੰਗੀਤ ਤਾਂ ਅਣਟੁੱਟ ਸਦਾ ਮੇਰੇ ਅੰਦਰ-ਬਾਹਰ ਸਾਰੀ ਕੁਦਰਤ ਵਿੱਚ ਚੱਲ ਰਿਹਾ ਹੈ (ਤੇਰੀ ਪੂਜਾ/ਆਰਤੀ ਕਿਸੇ ਬਾਹਰੀ ਸਾਜ਼ ਦੇ ਸੰਗੀਤ ਦੀ ਵੀ ਮੁਥਾਜ ਨਹੀਂ)

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥**

ਇਹ ਹਜ਼ਾਰਾਂ ਹੀ ਅੱਖਾਂ (ਮੇਰੇ ਆ਼ਲੇ-ਦੁਆ਼ਲੇ) ਤੇਰੀਆਂ ਹੀ ਨੇ ਤੇ ਇਹ ਹਜ਼ਾਰਾਂ ਚਿਹਰੇ ਵੀ ਤੇਰੇ ਹੀ ਨੇ; ਤੇਰਾ ਕੋਈ ਵੱਖਰਾ ਚਿਹਰਾ/ਅੱਖਾਂ ਨਹੀਂ ਜਿਨ੍ਹਾਂ ਨੂੰ ਮੈਂ ਪੂਜਾਂ

**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ**
**ਸਹਸ ਤਵ ਗੰਧ ਇਵ ਚਲਤ ਮੋਹੀ ॥੨॥**

ਇਹ ਹਜ਼ਾਰਾਂ ਪੈਰ ਤੇਰੇ ਨੇ, ਤੇਰੇ ਕੋਈ ਵੱਖਰੇ ਪੈਰ (ਚਰਣ-ਕਵਲ) ਮੈਂ ਪੂਜ ਨਹੀਂ ਸਕਦਾ; ਕੁਦਰਤ 'ਚ ਵੱਸੀ ਹਰ ਗੰਧ ਤੇਰੀ ਹੈ, ਮੈਂ ਵੱਖਰੀਆਂ ਧੂਫਾਂ ਨਾ਼ਲ ਤੈਨੂੰ ਸੁਗੰਧੀ ਕਿਵੇਂ ਦਵਾਂ?

**ਸਭ ਮਹਿ ਜੋਤਿ ਜੋਤਿ ਹੈ ਸੋਇ ॥**

ਸਾਰਿਆਂ 'ਚ ਜੋ ਜੀਵਨ ਦੀ ਜੋਤ/ਪ੍ਰਕਾਸ਼ ਹੈ, ਉਹ ਉਸ ਰੱਬ ਦਾ ਹੀ ਹੈ

**ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥**

ਓਸੇ ਦੇ ਚਾਨਣ ਨਾ਼ਲ ਸਭ ਅੰਦਰ ਜੀਵਨ ਹੈ (ਫਿਰ ਉਸਨੂੰ ਵੱਖਰਾ ਮੰਨ ਕੇ ਕਿਵੇਂ ਪੂਜਾ ਕਰਾਂ?

**ਗੁਰ ਸਾਖੀ ਜੋਤਿ ਪਰਗਟੁ ਹੋਇ ॥**

ਗੁਰੂ ਦੀ ਸਿੱਖਿਆ ਨਾ਼ਲ ਰੱਬੀ ਜੋਤ ਨੂੰ ਅਸੀਂ ਅਪਣੇ ਅੰਦਰ ਪਰਗਟ/ਜਾਣ ਲੈਂਦੇ ਹਾਂ

**ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥**

ਫਿਰ ਜਦੋਂ ਉਹ ਕਰਨ ਲੱਗ ਜਾਈਏ ਜੋ ਉਸਨੂੰ ਭਾਉਂਦਾ ਹੈ, ਤਾਂ ਏਹੋ ਉਸਦੀ ਆਰਤੀ/ਪੂਜਾ ਹੈ

**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥**

(ਗੁਰੂ ਗਿਆਨ ਨਾ਼ਲ) ਜਦ ਰਾਤ-ਦਿਨ ਮੇਰੀ ਪਿਆਸ/ਤਾਂਘ ਅੰਦਰ ਵੱਸਦੇ ਰੱਬ ਦੇ ਹੁਕਮ ਨੂੰ ਮੰਨਣ ਵੱਲ ਲੱਗ ਜਾਏ

**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥**

ਤਾਂ ਹੀ ਮੇਰੇ ਮਨ (ਬਬੀਹੇ) ਨੂੰ ਰੱਬੀ ਗਿਆਨ/ਕਿਰਪਾ ਦੇ ਅੰਮ੍ਰਿਤ (ਜਲ) ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾ਼ਲ ਮਨ ਰੱਬੀ ਨਾਮ/ਗੁਣਾਂ 'ਚ ਸਮਾ ਜਾਂਦਾ ਹੈ

**ਰਾਗੁ ਗਉੜੀ ਪੂਰਬੀ ਮਹਲਾ ੪ ॥**

ਗਉੜੀ ਪੂਰਬੀ ਰਾਗ ਵਿੱਚ ਚੌਥੇ ਨਾਨਕ ਜੀ ਦਾ ਸ਼ਬਦ

**ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥**

ਸਾਡੇ ਅੰਦਰ ਜੋ ਕਾਮ-ਕ੍ਰੋਧ ਆਦਿਕ ਵਿਕਾਰਾਂ ਦੇ ਭੰਡਾਰ ਭਰੇ ਨੇ, ਇਹ ਕੇਵਲ ਗੁਰੂ (ਦੇ ਗਿਆਨ) ਨੂੰ ਮਿਲ਼/ਅਮਲ ਕਰਕੇ ਹੀ ਖਤਮ ਹੁੰਦੇ ਨੇ

**ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥**

ਪਹਿਲਾਂ ਤੋਂ ਲਿਖੇ/ਪੱਕੇ ਹੋਏ ਵਿਕਾਰੀ ਵਿਚਾਰਾਂ ਉੱਪਰ ਜਦੋਂ ਗੁਰੂ ਦਾ ਗਿਆਨ ਪਾਇਆ ਜਾਂਦਾ ਹੈ ਤਾਂ ਮਨ ਰੱਬੀ ਪਿਆਰ ਵਿੱਚ ਜੁੜ ਕੇ ਵੱਡਾ/ਚੰਗਾ ਹੁੰਦਾ ਜਾਂਦਾ ਹੈ

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥**

ਮੇਰੇ ਮਨਾ! ਗਿਆਨ ਦੇ ਸੋਮੇ ਗੁਰੂ ਅੱਗੇ (ਵਿਕਾਰਾਂ ਤੋਂ ਛੁੱਟਣ ਦੀ ਜੁਗਤ) ਲੈਣ ਲਈ ਹੱਥ ਜੋੜ

**ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥**

ਗੁਰੂ ਦੇ ਗਿਆਨ ਨੂੰ ਪੂਰੀ ਤਰ੍ਹਾਂ ਸਮਰਪਤ ਹੋ ਜਾ – ਏਹੋ ਸਭ ਤੋਂ ਵੱਡਾ ਪੁੰਨ ਹੈ

**ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥**

ਵਿਕਾਰਾਂ 'ਚ ਪਿਆ ਮਨ ਰੱਬੀ ਪ੍ਰੇਮ ਨੂੰ ਨਹੀਂ ਜਾਣਦਾ, ਉਸਦੇ ਅੰਦਰ "ਮੈਂ-ਮੈਂ" ਦਾ ਐਸਾ ਕੰਡਾ ਹੁੰਦਾ ਹੈ ਜੋ

**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥**

ਹਰ ਕਦਮ 'ਤੇ ਉਸਨੂੰ ਚੁੱਭਦਾ/ਦੁਖੀ ਕਰਦਾ ਹੈ; ਐਸਾ ਮਨ ਹਉਮੈ ਕਰਕੇ ਸਦਾ (ਵਿਕਾਰਾਂ 'ਚੋਂ ਪੈਦਾ ਹੋਏ) ਡਰ-ਫਿਕਰਾਂ ਦੀ ਮਾਰ ਖਾਂਦਾ ਹੈ

**ਹਰਿਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥**

ਰੱਬ ਦੇ ਪਿਆਰੇ ਰੱਬੀ ਨਾਮ/ਗੁਣਾਂ 'ਚ ਸਮਾਏ ਰਹਿੰਦੇ ਨੇ ਜਿਸ ਕਰਕੇ ਉਨ੍ਹਾਂ ਅੰਦਰੋਂ ਇਹ (ਹਉਮੈ ਆਦਿਕ ਵਿਕਾਰਾਂ ਵਾਲ਼ਾ) ਨਿੱਤ ਦਾ ਜੰਮਣ-ਮਰਣ ਮੁੱਕ ਜਾਂਦਾ ਹੈ

**ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥**

ਉਹ ਅਪਣੇ ਅੰਦਰ ਕਦੀ ਨਾ ਮੁੱਕਣ ਵਾਲ਼ੇ ਰੱਬ ਨੂੰ ਮਿਲ਼ ਲੈਂਦੇ ਨੇ ਜੋ ਉਨ੍ਹਾਂ ਨੂੰ ਅੰਦਰੋਂ ਸ਼ੋਭਾ/ਵਡਿਆਈਆਂ ਨਾਲ਼ ਭਰ ਦੇਂਦਾ ਹੈ

**ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥**

(ਇਸ ਲਈ ਮੇਰੇ ਮਨ ਇਹ ਆਖ ਕਿ) ਮੇਰੇ ਅੰਦਰ ਵੱਸਦੇ ਮਾਲਕ! ਤੂੰ ਵੱਡਾ ਹੈਂ, ਤੇ ਅਸੀਂ (ਗੁਣਾਂ ਤੇ ਸੱਖਣੇ) ਗਰੀਬ/ਛੋਟੇ ਹਾਂ

**ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥**

ਸਾਨੂੰ ਤੇਰੇ ਨਾਮ/ਗੁਣਾਂ ਦਾ ਹੀ ਆਸਰਾ ਹੈ ਜੋ ਸਾਨੂੰ ਅੰਦਰੋਂ ਵੱਡਾ/ਸਦੀਵੀ ਸੁਖ ਦੇਂਦਾ ਹੈ

**ਰਾਗੁ ਗਉੜੀ ਪੂਰਬੀ ਮਹਲਾ ੫ ॥**

ਗਉੜੀ ਪੂਰਬੀ ਰਾਗ ਵਿੱਚ ਪੰਜਵੇਂ ਨਾਨਕ ਜੀ ਦਾ ਸ਼ਬਦ

**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥**

ਮੇਰੇ ਮਨਾ! ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਇਹੋ ਸਮਾਂ ਹੈ ਤੇਰੇ ਕੋਲ਼ ਗੁਰੂ ਦੀ ਸੇਵਾ (ਗੱਲ ਮੰਨਣ) ਦਾ

**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥**

ਜੇਕਰ ਹੁਣ ਤੂੰ ਗੁਰੂ ਦੇ ਗਿਆਨ ਨੂੰ ਖੱਟ ਲਵੇਂ (ਜੀਵਨ 'ਚ ਧਾਰਣ ਕਰ ਲਵੇਂ) ਤਾਂ ਅੱਗੇ ਹਰ ਹਾਲ ਵਿੱਚ ਜੀਉਣਾ ਸੌਖਾ ਹੋ ਜਾਵੇਗਾ

**ਅਉਧ ਘਟੈ ਦਿਨਸੁ ਰੈਣਾਰੇ ॥**
**ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥**

ਮੇਰੇ ਮਨਾ! ਦਿਨ-ਰਾਤ ਕਰਦੇ ਕਰਦੇ ਉਮਰ ਲੰਘੀ ਜਾਂਦੀ ਹੈ; ਤੂੰ ਗੁਰੂ ਨੂੰ ਮਿਲ਼ (ਗਿਆਨ ਨੂੰ ਅਮਲ 'ਚ ਲਿਆ) ਕੇ ਅਪਣਾ ਕਾਰਜ ਸਵਾਰ ਲੈ

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥**

ਵਿਕਾਰਾਂ ਕਰਕੇ ਸੰਸਾਰੀ ਜੀਵਨ ਨੂੰ ਅਸੀਂ ਡਰ-ਫਿਕਰਾਂ ਨਾਲ਼ ਭਰ ਲਿਆ ਹੈ; ਇਸ ਵਿੱਚੋਂ ਰੱਬੀ ਗਿਆਨ ਨਾਲ਼ ਹੀ ਨਿਕਲਿਆ ਜਾਣਾ ਹੈ

**ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥**

ਇਹ ਰੱਬੀ ਗਿਆਨ ਜਿਸ ਮਨ ਨੂੰ ਵਿਕਾਰਾਂ ਦੀ ਨੀਂਦ 'ਚੋਂ ਜਗਾ ਕੇ ਰੱਬੀ ਗੁਣਾਂ ਦਾ ਰਸ ਪਿਆ ਲਵੇ ਉਹ ਮਨ ਹੀ ਅਪਣੇ ਅੰਦਰ ਰੱਬੀ ਮਿਲਾਪ ਦੇ ਰਾਹ ਨੂੰ ਜਾਣ ਲੈਂਦਾ ਹੈ

**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**

ਮੇਰੇ ਮਨਾ! ਜਿਸ ਕਾਰਜ (ਸੁਖ ਦੀ ਪ੍ਰਾਪਤੀ) ਗੁਰੂ ਕੋਲ਼ ਅਇਆ ਹੈਂ, ਉਹ ਸਮਝ/ਖੱਟ ਲੈ; ਗੁਰੂ ਗਿਆਨ ਨਾਲ਼ ਪ੍ਰਭੂ ਪਿਆਰ ਨੂੰ ਮਨ 'ਚ ਵਸਾ ਲੈ

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥**

ਅਪਣੇ ਨਿੱਜ ਘਰ (ਮਨ-ਸੁਰਤ ਅੰਦਰ) ਸਹਿਜ ਹੀ ਸੁਖ/ਅਨੰਦ ਦਾ ਮਹੱਲ/ਟਿਕਾਣਾ ਮਿਲ਼ ਜਾਵੇਗਾ; ਫਿਰ ਤੂੰ ਬਾਹਰੀ ਸੁਖਾਂ ਦੇ ਫੇਰ/ਗੇੜਿਆਂ 'ਚ ਨਹੀਂ ਪਵੇਂਗਾ

**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**

(ਇਸ ਲਈ ਮੇਰੇ ਮਨਾ ਅਰਦਾਸ ਕਰ ਕਿ) ਮੇਰੇ ਅੰਦਰ ਦੇ ਹਲਾਤ ਨੂੰ ਤੂੰ ਜਾਣਦਾ ਹੈਂ ਰੱਬਾ! ਮੇਰੇ ਮਨ ਦੀ ਇਹ ਸ਼ਰਧਾ ਪੂਰੀ ਕਰ ਦੇ

**ਨਾਨਕ ਦਾਸੁ ਇਹੈ ਸੁਖੁ ਮਾਗੈ ਮੋਕਉ ਕਰਿ ਸੰਤਨ ਕੀ ਧੂਰੇ ॥੪॥੫॥**

ਮੈਂ ਏਹੋ ਸੁਖ ਮੰਗਦਾ ਹਾਂ ਕਿ ਮੈ ਗੁਰੂ (ਦੇ ਗਿਆਨ) ਨੂੰ ਪੂਰੀ ਤਰ੍ਹਾਂ ਸਮਰਪਤ (ਚਰਣ-ਧੂੜ) ਹੋ ਜਾਵਾਂ।

# ਅਨੰਦ

ਅਸੀਂ ਸਦਾ ਖੁਸ਼ ਰਹਿਣਾ ਚਾਹੁੰਦੇ ਹਾਂ। ਪਰ, ਖੁਸ਼ੀ ਦਾ ਮਤਲਬ ਹਰ ਇੱਕ ਦਾ ਵੱਖਰਾ ਹੁੰਦਾ ਹੈ। ਸਾਡੀ ਖੁਸ਼ੀ ਦੀ ਪਰਿਭਾਸ਼ਾ ਹਲਾਤ, ਸਮੇਂ, ਉਮਰ ਆਦਿ ਦੇ ਹਿਸਾਬ ਨਾਲ਼ ਬਦਲਦੀ ਰਹਿੰਦੀ ਹੈ।

ਕੱਲ੍ਹ ਤੱਕ ਜੋ ਚੀਜ਼ ਸਾਨੂੰ ਸਭ ਤੋਂ ਵੱਧ ਖੁਸ਼ੀ (ਅਨੰਦ, ਸੁਖ) ਦੇਂਦੀ ਸੀ, ਅੱਜ ਨਹੀਂ ਦੇਂਦੀ। ਜਿਸ ਵਿਅਕਤੀ ਨਾਲ਼ ਅਸੀਂ ਕੱਲ੍ਹ ਤੱਕ ਹਰ ਹਲਾਤ ਵਿੱਚ ਸੁਖੀ ਮਹਿਸੂਸ ਕਰਦੇ ਸੀ, ਅੱਜ ਉਸ ਨਾਲ਼ ਉਹ ਅਹਿਸਾਸ ਨਹੀਂ ਹੁੰਦਾ।

ਜੇ ਅਸੀਂ ਗੌਰ ਨਾਲ਼ ਦੇਖੀਏ, ਤਾਂ ਅਸੀਂ ਜਿਨ੍ਹਾਂ ਚੀਜ਼ਾਂ, ਵਿਅਕਤੀਆਂ, ਹਾਲਾਤਾਂ ਨੂੰ ਆਪਣੀ ਖੁਸ਼ੀ ਨਾਲ਼ ਜੋੜਦੇ ਹਾਂ, ਉਹ ਸਭ ਸਦਾ ਇੱਕੋ ਜਿਹੇ ਨਹੀਂ ਰਹਿੰਦੇ।

ਜੋ ਚੀਜ਼ ਸਦਾ ਬਦਲਦੀ ਰਹਿੰਦੀ ਹੈ, ਫਿਰ ਉਸ ਨਾਲ਼ ਜੁੜਿਆ ਸੁਖ ਸਦਾ ਕਿਵੇਂ ਰਹਿ ਸਕਦਾ ਹੈ?

ਗੁਰਬਾਣੀ ਵਿੱਚ ਆਇਆ ਸ਼ਬਦ "ਅਨੰਦ" ਇਨ੍ਹਾਂ ਸੁਖਾਂ ਤੋਂ ਅਲੱਗ ਹੈ। 'ਅਨੰਦ' ਉਹ ਸੁਖ ਹੈ ਜੋ ਸਦਾ ਰਹਿੰਦਾ ਹੈ। ਕਿਉਂਕਿ ਸ਼ਰੀਰ ਨਾਲ਼ ਜੁੜਿਆ ਹਰ ਬਾਹਰੀ ਸੁਖ ਸਦਾ ਨਹੀਂ ਰਹਿੰਦਾ (ਇਹ ਅਸੀਂ ਸਮਝ ਚੁੱਕੇ ਹਾਂ), ਤਾਂ ਅਨੰਦ ਇਨ੍ਹਾਂ ਬਾਹਰੀ ਖੁਸ਼ੀਆਂ ਤੋਂ ਪੂਰਨ ਤੌਰ 'ਤੇ ਅਲੱਗ ਹੈ।

ਤੀਸਰੇ ਨਾਨਕ ਜੀ, ਗੁਰੂ ਅਮਰਦਾਸ ਸਾਹਿਬ ਜੀ ਦੀ ਬਾਣੀ 'ਅਨੰਦ', ਇਸੇ ਸਦਾ ਰਹਿਣ ਵਾਲ਼ੇ ਸੁਖ ਬਾਰੇ ਹੈ।

ਅਨੰਦ ਕੀ ਹੈ? ਅਨੰਦ ਕਿਵੇਂ ਹੁੰਦਾ ਹੈ?

ਅਨੰਦ ਨੂੰ ਕਿਵੇਂ ਤੇ ਕਿੱਥੋਂ ਪ੍ਰਾਪਤ ਕਰਨਾ ਹੈ?

ਕਿਹੜੀਆਂ ਗੱਲਾਂ ਸਾਨੂੰ ਅਨੰਦ ਤੋਂ ਦੂਰ ਕਰਦੀਆਂ ਹਨ?

ਇਨ੍ਹਾਂ ਸਭ ਸਵਾਲਾਂ ਨੂੰ ਸਮਝਣ ਲਈ ਇਹ ਬਾਣੀ 'ਅਨੰਦ' ਨੂੰ ਸਮਝਣਾ ਜ਼ਰੂਰੀ ਹੈ।

ਆਓ, ਅਨੰਦ ਤੱਕ ਪਹੁੰਚਣ ਦੀ ਕੋਸ਼ਿਸ਼ ਕਰੀਏ।

## ਰਾਮਕਲੀ ਮਹਲਾ ੩ ਅਨੰਦੁ

ਰਾਮਕਲੀ ਰਾਗ ਵਿੱਚ ਤੀਜੇ ਨਾਨਕ ਜੀ, ਗੁਰੂ ਅਮਰਦਾਸ ਜੀ ਦੀ ਰਚਨਾ ਹੈ। ਬਾਣੀ ਦਾ ਸਿਰਲੇਖ ਹੈ 'ਅਨੰਦ'।

### ੴ ਸਤਿਗੁਰ ਪ੍ਰਸਾਦਿ ॥

ਗੁਰੂ ਗਿਆਨ ਦੀ ਬਖ਼ਸ਼ਿਸ਼ ਇਹ ਹੈ ਕਿ ਅਸੀਂ ਸਦਾ ਹੀ ਸਭ ਵਿੱਚ, ਹਰ ਥਾਂ ਤੇ, ਹਰ ਵੇਲ਼ੇ ਇਕ ਪਰਮਾਤਮਾ ਨੂੰ ਜਾਣੀਏ।

**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥**

ਜਦੋਂ ਅਸੀਂ ਅਪਣੇ ਅੰਦਰ ਸਦਾ ਵਸਦੇ ਗੁਰੂ/ਪਰਮਾਤਮਾ ਨੂੰ ਪਾ ਲੈਂਦੇ ਹਾਂ (ਉਸ ਨਾ਼ਲ ਇਕਮਿਕ ਹੁੰਦੇ ਹਾਂ), ਤਾਂ ਅਨੰਦ ਹੋ ਜਾਂਦਾ ਹੈ।

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥**

ਜਦੋਂ ਅਸੀਂ ਗਿਆਨ ਨੂੰ ਅਮਲ 'ਚ ਲਿਆਉਣਾ ਅਪਣੇ ਸੁਭਾਅ ਦਾ ਹਿੱਸਾ ਬਣਾ ਲੈਂਦੇ ਹਾਂ, ਤਾਂ ਸਾਨੂੰ ਉਹ ਸੱਚਾ ਗੁਰੂ (ਪਰਮਾਤਮਾ) ਮਿ਼ਲਦਾ ਹੈ, ਜਿਸਦੇ ਮਿਲਣ ਨਾ਼ਲ ਮਨ ਵਿੱਚ ਖੁਸ਼ੀਆਂ ਪੈਦਾ ਹੁੰਦੀਆਂ ਹਨ।

**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥**

ਸ਼ਬਦ (ਗੁਰੂ ਗਿਆਨ) ਨੂੰ ਗਾਉਣ — ਅਮਲ ਵਿੱਚ ਲਿਆਉਣ ਨਾ਼ਲ — ਮਨ ਅੰਦਰ ਪ੍ਰੇਮ ਤੇ ਰੱਬੀ ਗੁਣਾਂ (ਰਤਨਾਂ) ਦਾ ਪਰਵਾਰ ਆ ਵੱਸਦਾ ਹੈ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥**

ਇਸ ਲਈ ਰੱਬੀ ਗਿਆਨ ਨੂੰ ਗਾਈਏ (ਅਮਲ ਵਿੱਚ ਲਿਆਈਏ), ਜਿਸ ਪਰਮਾਤਮਾ/ਗੁਰੂ ਨੇ ਸਦਾ ਹੀ ਸਾਡੇ ਮਨ ਵਿੱਚ ਵਾਸ ਕੀਤਾ ਹੋਇਆ ਹੈ (ਸਦਾ ਨਾ਼ਲ ਰਹਿੰਦਾ ਹੈ)।

**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥**

ਕਿਉਂਕਿ ਉਸ ਸਦਾ ਨਾ਼ਲ ਰਹਿਣ ਵਾਲੇ ਗੁਰੂ ਨੂੰ ਪਾ ਲੈਣ (ਉਸ ਨਾ਼ਲ ਇਕਮਿਕ ਹੋਣ) ਨਾ਼ਲ, ਅਨੰਦ ਹੁੰਦਾ ਹੈ।

ੴ

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥**

(ਉਹ ਪਰਮਾਤਮਾ ਤਾਂ ਸਦਾ ਮਨ ਵਿੱਚ ਵੱਸ ਰਿਹਾ ਹੈ, ਪਰ ਜ਼ਰੂਰੀ ਇਹ ਹੈ ਕਿ) ਮੇਰੇ ਮਨਾ! ਤੂੰ ਉਸ ਪਰਮਾਤਮਾ ਨਾਲ਼ ਸਦਾ ਰਹਿ (ਤੂੰ ਉਸਨੂੰ ਭੁੱਲ ਕੇ ਹੋਰ ਪਾਸੇ ਨਾ ਭਟਕ)।

**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥**

ਮਨਾ! ਜੇ ਤੂੰ ਸਦਾ ਅੰਦਰ ਵੱਸਦੇ ਗੁਰੂ/ਪਰਮਾਤਮਾ ਨਾਲ਼ ਰਹੇਂ (ਉਸਦੇ ਹੁਕਮ/ਗਿਆਨ ਨੂੰ ਮੰਨੇਂ), ਤਾਂ ਤੈਨੂੰ ਸਭ ਦੁੱਖ ਭੁੱਲ ਜਾਣਗੇ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥**

ਜੇ ਤੂੰ ਉਹ ਕਰੇਂ, ਜਿਸ ਨੂੰ ਪਰਮਾਤਮਾ ਅੰਗੀਕਾਰ ਕਰੇ (ਸਵੀਕਾਰ ਕਰੇ; ਭਾਵ ਜੋ ਉਸਨੂੰ ਭਾਉਂਦਾ ਹੈ), ਤਾਂ ਤੇਰਾ ਸਾਰਾ ਕਾਰਜ (ਜੀਵਨ) ਸੰਵਰ ਜਾਂਦਾ ਹੈ।

**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥**

ਜੋ ਅੰਦਰ ਵੱਸਦਾ ਸੁਆਮੀ (ਮਾਲਕ) ਤੈਨੂੰ ਸਭ ਕੁਝ ਕਰਨ ਦੇ ਸਮਰੱਥ (ਕਾਬਿਲ) ਕਰਦਾ ਹੈ, ਤੂੰ ਉਸਨੂੰ ਕਿਵੇਂ ਭੁੱਲ ਜਾਂਦਾ ਹੈਂ?

**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥**

ਮੇਰੇ ਮਨਾ! ਉਸ ਪਰਮਾਤਮਾ ਨਾਲ਼ ਸਦਾ ਰਹਿ। (ਤੂੰ ਉਸਨੂੰ ਭੁੱਲ ਕੇ ਹੋਰ ਪਾਸੇ ਨਾ ਭਟਕ)।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥**

ਹੇ ਸੱਚੇ ਮਾਲਕਾ! ਤੇਰੇ ਘਰ ਵਿੱਚ ਕੀ ਨਹੀਂ ਹੈ? (ਪਰਮਾਤਮਾ, ਜੋ ਸਦਾ ਹੀ ਸਾਡੇ ਅੰਦਰ ਰਹਿੰਦਾ ਹੈ, ਸਾਡੇ ਅੰਦਰ ਉਸਦਾ ਘਰ ਹੈ; ਸਾਰੇ ਸੁੱਖਾਂ ਦਾ ਸੋਮਾ ਸਾਡੇ ਅੰਦਰ ਹੀ ਹੈ)।

**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥**

ਤੇਰੇ ਉਸ ਘਰ ਵਿੱਚ ਸਭ ਕੁਝ ਹੀ ਹੈ, ਜੋ ਤੂੰ (ਅਪਣੇ ਹੁਕਮ ਰਾਹੀਂ) ਸਾਨੂੰ ਦਿੰਦਾ ਹੈਂ, ਅਤੇ (ਜਦੋਂ) ਅਸੀਂ ਉਹ (ਹੁਕਮ/ਗਿਆਨ) ਲੈਂਦੇ ਹਾਂ (ਅਮਲ ਕਰਦੇ ਹਾਂ)

**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥**

ਸਾਡਾ ਮਨ ਤੇਰੀ ਸਿਫ਼ਤ-ਸਲਾਹ (ਸ਼ੁਕਰਾਨੇ) ਵਿੱਚ ਜੀ ਕੇ ਤੇਰੀ ਪਛਾਣ (ਨਾਮ) ਨੂੰ ਵਸਾ ਲੈਂਦਾ ਹੈ।

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥**

ਜਿਨ੍ਹਾਂ ਦੇ ਮਨ ਵਿੱਚ ਕਰਤਾ ਪੁਰਖ ਪਰਮਾਤਮਾ ਦੀ ਪਛਾਣ/ਸਮਝ ਵੱਸ ਜਾਂਦੀ ਹੈ, ਉਨ੍ਹਾਂ ਅੰਦਰ ਪੂਰਨ ਅਨੰਦ ਬਣ ਜਾਂਦਾ ਹੈ।

**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥**

ਕਿਉਂਕਿ ਅੰਦਰ ਹੀ ਪਰਮਾਤਮਾ ਦਾ ਘਰ ਹੈ, ਜਿੱਥੇ ਕੋਈ ਕਮੀ ਨਹੀਂ ਹੈ।

**ਸਾਚਾ ਨਾਮੁ ਮੇਰਾ ਆਧਾਰੋ ॥**

ਮੈਂ ਵੀ ਸਦਾ ਰਹਿਣ ਵਾਲ਼ੇ ਪਰਮਾਤਮਾ ਦੀ ਪਛਾਣ (ਗੁਣਾਂ) ਨੂੰ ਅਪਣਾ ਆਸਰਾ ਬਣਾ ਲਵਾਂ।

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

ਰੱਬੀ ਗੁਣਾਂ ਨੂੰ ਆਸਰਾ ਬਣਾ ਲਿਆ ਜਾਵੇ ਤਾਂ ਮਨ ਵਿੱਚੋਂ ਸਾਰੀ ਭੁੱਖ (ਅਸ਼ਾਂਤੀ-ਬੇਸਬਰੀ) ਖਤਮ ਹੁੰਦੀ ਹੈ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ**
**ਜਿਨਿ ਇਛਾ ਸਭਿ ਪੁਜਾਈਆ ॥**

ਮਨ ਵਿੱਚ ਸ਼ਾਂਤੀ ਤੇ ਸੁੱਖ ਆ ਵਸਦਾ ਹੈ, ਜਿਸ ਨਾਲ਼ ਸਭ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ (ਮਨ ਰੱਜ ਜਾਂਦਾ ਹੈ, ਇੱਛਾਵਾਂ ਨਹੀਂ ਰਹਿੰਦੀਆਂ)।

**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥**

ਕੁਰਬਾਣ ਜਾਈਏ ਉਸ ਸਦਾ ਨਾਲ਼ ਰਹਿਣ ਵਾਲ਼ੇ ਗੁਰੂ ਤੋਂ, ਜਿਸਦੀਆਂ ਇਹ (ਸੁੱਖ-ਸ਼ਾਂਤੀ-ਸੰਤੋਖ ਦੀਆਂ) ਵਡਿਆਈਆਂ ਹਨ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥**

ਇਸ ਕਰਕੇ, ਉਸ ਗੁਰੂ ਦੇ ਸ਼ਬਦ (ਗਿਆਨ/ਹੁਕਮ) ਨੂੰ ਸੁਣੀਏ, ਤੇ ਉਸ ਨਾਲ਼ ਪਿਆਰ ਪਾਈਏ।

**ਸਾਚਾ ਨਾਮੁ ਮੇਰਾ ਆਧਾਰੋ ॥੪॥**

(ਅਤੇ) ਸਦਾ ਨਾਲ਼ ਰਹਿਣ ਵਾਲ਼ੇ ਪਰਮਾਤਮਾ ਦੀ ਪਛਾਣ (ਗੁਣਾਂ) ਨੂੰ ਅਪਣਾ ਆਸਰਾ ਬਣਾਈਏ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥**

(ਜਿਸ ਨੇ ਰੱਬੀ ਗੁਣਾਂ ਨੂੰ ਅਪਣਾ ਆਸਰਾ ਬਣਾ ਲਿਆ) ਉਸ ਭਾਗਾਂ ਵਾਲੇ ਘਰ (ਮਨ) ਵਿੱਚ ਪੂਰਨ ਅਨੰਦ ਬਣ ਜਾਂਦਾ ਹੈ।

**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

ਜਿਸ ਮਨ ਨੇ ਅਪਣੇ ਅੰਦਰ ਰੱਬੀ ਗੁਣਾਂ ਦੀ ਕਲਾ (ਸ਼ਕਤੀ) ਨੂੰ ਧਾਰਣ ਕਰ ਲਿਆ (ਵਸਾ ਲਿਆ), ਉਸ ਭਾਗਾਂ ਵਾਲ਼ੇ ਮਨ 'ਚ ਅਨੰਦ ਵੱਜਦਾ ਹੈ (ਭਰਪੂਰ ਹੁੰਦਾ ਹੈ)।

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥**

ਮਨਾ! ਉਸ ਰੱਬੀ ਗੁਣਾਂ ਦੀ ਸ਼ਕਤੀ ਨਾਲ਼ ਤੂੰ ਅੰਦਰੋਂ ਵਿਕਾਰਾਂ ਨੂੰ ਵੱਸ ਵਿੱਚ ਕਰਕੇ ਮਨ ਅੰਦਰਲੇ ਦੁੱਖ-ਸੰਕਟ-ਪਰੇਸ਼ਾਨੀਆਂ ਨੂੰ ਖਤਮ ਕਰ ਸਕਦਾ ਹੈਂ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ**
**ਸਿ ਨਾਮਿ ਹਰਿ ਕੈ ਲਾਗੇ ॥**

ਧੁਰ ਅੰਦਰਲੇ ਜਿਨ੍ਹਾਂ ਕਰਮਾਂ/ਵਿਚਾਰਾਂ ਵਿੱਚ ਤੂੰ ਰੱਬੀ ਗੁਣਾਂ ਦੀ ਸ਼ਕਤੀ ਨੂੰ ਪਾਉਂਦਾ ਹੈਂ, ਉਹ ਰੱਬੀ ਪਛਾਣ (ਇੱਕਮਿਕਤਾ) ਵੱਲ ਲੱਗ ਜਾਂਦੇ ਹਨ।

**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਓਥੇ (ਧੁਰ ਅੰਦਰ) ਹੀ ਸੁੱਖ-ਸ਼ਾਂਤੀ-ਸੰਤੋਖ ਹੁੰਦਾ ਹੈ; ਉਸ ਘਰ/ਮਨ 'ਚ ਹੀ ਬੇਰੋਕ (ਅਤੁੱਟ) ਅਨੰਦ ਹੁੰਦਾ ਹੈ।

**ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥**

ਰੱਬੀ ਗਿਆਨ ਵੱਲ ਲਿਵ (ਧਿਆਨ) ਨਾ ਹੋਵੇ ਤਾਂ ਇਹ ਸ਼ਰੀਰ (ਜੀਵਨ) ਮਾਣ ਹਾਸਲ ਨਹੀਂ ਕਰਦਾ (ਵਿਕਾਰਾਂ ਵਿੱਚ ਬੇਪੱਤ ਹੁੰਦਾ ਹੈ)।

**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥**

ਐਸਾ ਜੀਵਨ ਕਿਸ ਕੰਮ ਦਾ ਰਹਿ ਗਿਆ, ਜਿਸ ਦਾ ਧਿਆਨ ਰੱਬੀ ਗਿਆਨ/ਹੁਕਮ ਵੱਲ ਨਾ ਹੋਣ ਕਰਕੇ ਕੋਈ ਪੱਤ ਹੀ ਨਹੀਂ?

**ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥**

ਇਸ ਕਰਕੇ, ਮੇਰੇ ਮਨਾ! ਕਹਿ ਕਿ "ਹੇ ਪਰਮਾਤਮਾ! ਤੇਰੇ (ਹੁਕਮ) ਤੋਂ ਬਿਨਾਂ ਮੇਰੇ ਕੋਲ਼ ਕੋਈ ਤਾਕਤ ਨਹੀਂ; ਮੇਰੇ ਤੇ ਕਿਰਪਾ ਕਰ (ਕਿ ਮੈਂ ਇਹ ਯਾਦ ਰੱਖਾਂ)।

**ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥**

ਮੇਰੇ ਇਸ ਜੀਵਨ ਨੂੰ ਕੋਈ ਹੋਰ ਸਹਾਰਾ ਨਹੀਂ, ਤੇਰੇ ਸ਼ਬਦ (ਗਿਆਨ) ਨਾਲ਼ ਹੀ ਮੈਂ ਕੁਝ (ਸਹੀ) ਕਰਨ ਜੋਗਾ ਹਾਂ।

**ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥**

ਅਤੇ ਤੇਰੇ ਗਿਆਨ/ਹੁਕਮ ਵੱਲ ਧਿਆਨ ਨਾ ਹੋਵੇ ਤਾਂ ਇਹ ਜੀਵਨ ਕਿਸ ਕੰਮ ਦਾ ਰਹਿ ਗਿਆ?

**ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥**

ਹਰ ਕੋਈ ਜੀਵਨ ਵਿੱਚ ਅਨੰਦ ਹਾਸਲ ਕਰਨ ਦੀਆਂ ਗੱਲਾਂ (ਉੱਦਮ-ਉਪਰਾਲੇ) ਕਰਦਾ ਹੈ, ਪਰ ਅਨੰਦ ਕੀ ਹੈ, ਇਹ ਤਾਂ ਗੁਰੂ ਤੋਂ ਹੀ ਸਮਝ ਪੈਂਦੀ ਹੈ (ਜਿਸ ਦੀ ਸਮਝ ਨਹੀਂ, ਉਹ ਹਾਸਲ ਕਿਵੇਂ ਹੋਵੇ?)।

**ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥**

ਪਿਆਰੇ ਮਨਾ! ਗੁਰੂ ਗਿਆਨ ਜੋ ਸਦਾ ਕਿਰਪਾ ਕਰ ਰਿਹਾ ਹੈ, ਉਸ ਰਾਹੀਂ ਹੀ ਗਿਆਨ ਨੂੰ ਜਾਣਿਆ ਜਾਂਦਾ ਹੈ।

**ੴ ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥**

ਗਿਆਨ (ਰੱਬੀ ਸੂਝ) ਦੀ ਹੀ ਕਿਰਪਾ ਹੈ ਜੋ ਅੰਦਰੋਂ ਵਿਕਾਰਾਂ ਨੂੰ ਖਤਮ ਕਰਦੀ ਹੈ, ਤੇ ਜੀਵਨ ਰਾਹ ਸਾਫ ਦਿੱਸਦਾ ਹੈ (ਕਿ ਅਨੰਦ ਕੀ ਹੈ)।

**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥**

ਗੁਰੂ ਗਿਆਨ ਨਾਲ਼ ਉਨ੍ਹਾਂ ਦਾ ਅਨੰਦ ਹਾਸਲ ਕਰਨ ਦਾ ਕਾਰਜ ਸਵਾਰਿਆ ਜਾਂਦਾ ਹੈ, ਜੋ ਉਸ ਤੋਂ ਮਿਲ਼ੀ ਸਮਝ ਨਾਲ਼ ਅਪਣੇ ਅੰਦਰੋਂ ਵਿਕਾਰਾਂ ਦੇ ਮੋਹ ਨੂੰ ਛੱਡਦੇ ਹਨ।

**ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥**

ਵਿਕਾਰਾਂ ਤੋਂ ਅੰਦਰੋਂ ਮੁਕਤ ਹੋ ਕੇ (ਸੰਤੋਖ ਵਰਗੇ ਰੱਬੀ ਗੁਣਾਂ ਵਿੱਚ) ਜੀਊਣਾ ਹੀ ਅਨੰਦ ਹੈ, ਜੋ ਰੱਬੀ ਗਿਆਨ ਨਾਲ਼ ਜਾਣਿਆ (ਹਾਸਲ ਕੀਤਾ) ਜਾਂਦਾ ਹੈ।

**ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥**

ਇਹ ਅਨੰਦ (ਵਿਕਾਰਾਂ ਤੋਂ ਮੁਕਤੀ) ਕੋਈ ਖੁਦ ਨਹੀਂ ਹਾਸਲ ਕਰ ਸਕਦਾ। ਹੇ ਪਰਮਾਤਮਾ! ਜਿਸ ਨੂੰ ਤੂੰ ਆਪ ਇਹ ਅਨੰਦ ਦਿੰਦਾ ਹੈਂ, ਉਸ ਨੂੰ ਹੀ ਮਿਲ਼ਦਾ ਹੈ।

**ਪਾਵੈ ਤ ਸੋ ਜਨੁ ਦੇਹਿ ਜਿਸਨੋ ਹੋਰਿ ਕਿਆ ਕਰਹਿ ਵੇਚਾਰਿਆ ॥**

ਇਹ ਅਨੰਦ ਤੇਰੇ ਕੋਲ਼ੋਂ (ਤੇਰੇ ਹੁਕਮ ਵਿੱਚੋਂ) ਮਿਲ਼ਦਾ ਹੈ; ਤੇਰੇ (ਹੁਕਮ/ਗਿਆਨ) ਤੋਂ ਬਿਨਾ ਹੋਰ ਕੋਈ ਚਾਰਾ (ਅਨੰਦ ਦੀ ਪ੍ਰਾਪਤੀ ਦਾ) ਨਹੀਂ ਹੈ।

**ਇਕਿ ਭਰਮਿ ਭੂਲੇ ਫਿਰਹਿ ਦਹਦਿਸਿ ਇਕਿ ਨਾਮਿ ਲਾਗਿ ਸਵਾਰਿਆ ॥**

ਕਈ ਇਸ ਭਰਮ 'ਚ ਹਨ ਕਿ ਆਪਣੀ ਸਿਆਣਪ ਨਾਲ਼ ਅਨੰਦ ਹਾਸਲ ਕਰ ਲੈਣਗੇ, ਉਹ ਹਰ ਪਾਸੇ ਭੁੱਲੇ-ਭਟਕਦੇ ਫਿਰਦੇ ਰਹਿੰਦੇ ਹਨ।

ਪਰ ਇੱਕ ਉਹ ਹਨ ਜੋ ਤੇਰੇ ਨਾਮ (ਗਿਆਨ) ਨਾਲ਼ ਲੱਗ ਕੇ ਖੁਦ ਨੂੰ ਸੰਵਾਰ ਲੈਂਦੇ ਹਨ।

**ਗੁਰਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥**

ਜਿਨ੍ਹਾਂ ਦਾ ਪਿਆਰ ਤੇਰੇ ਭਾਣੇ (ਹੁਕਮ/ਗਿਆਨ) ਨਾਲ਼ ਪੈ ਜਾਂਦਾ ਹੈ, ਉਨ੍ਹਾਂ ਦਾ ਮਨ ਗਿਆਨ ਨਾਲ਼ ਸਾਫ/ਪਵਿੱਤਰ ਹੁੰਦਾ ਹੈ; ਇਹੋ ਗੁਰੂ/ਗਿਆਨ ਦੀ ਕਿਰਪਾ ਹੈ।

**ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥**

ਹੇ ਪਿਆਰੇ ਪ੍ਰਭੂ! ਤੂੰ ਆਪ (ਅਪਣੇ ਗਿਆਨ/ਹੁਕਮ ਰਾਹੀਂ) ਦਿੰਦਾ ਹੈਂ, ਤਾਂ ਅਨੰਦ ਹਾਸਲ ਹੁੰਦਾ ਹੈ।

**ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥**

ਆਓ ਰੱਬ ਦੇ ਪਿਆਰਿਓ, ਉਸ ਅਕੱਥ (ਉਹ ਅਨੰਦ ਜੋ ਲਫ਼ਜ਼ਾਂ 'ਚ ਬਿਆਨ ਨਹੀਂ ਹੁੰਦਾ) ਦੀ ਗੱਲ ਕਰੀਏ (ਪ੍ਰਾਪਤ ਕਰਨ ਦਾ ਉੱਦਮ ਕਰੀਏ)।

**ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥**

ਆਓ ਗੱਲ ਕਰੀਏ ਕਿ ਕਿਵੇਂ ਉਸ ਅਕੱਥ ਅਨੰਦ ਨੂੰ ਪਾਇਆ ਜਾ ਸਕਦਾ ਹੈ।

**ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

ਆਓ ਜਾਣੀਏ ਕਿ ਆਪਣਾ ਤਨ-ਮਨ-ਧਨ ਸਭ ਕੁਝ ਗੁਰੂ ਗਿਆਨ ਨੂੰ ਸੌਂਪ ਕੇ (ਪੂਰਨ ਸਮਰਪਣ), ਉਸਦੇ ਹੁਕਮ ਨੂੰ ਮੰਨ ਕੇ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

**ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥**

ਸਦਾ ਨਾਲ਼ ਵੱਸਦੇ ਗੁਰੂ/ਪਰਮਾਤਮਾ ਦੇ ਹੁਕਮ ਨੂੰ ਮੰਨੀਏ, ਤੇ ਉਸਦੀ ਸਿੱਖਿਆ ਨੂੰ ਗਾਈਏ (ਅਮਲ ਵਿੱਚ ਲਿਆਈਏ)।

**ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥**

ਸੁਣੋ ਰੱਬ ਦੇ ਪਿਆਰਿਓ, ਅਕੱਥ ਅਨੰਦ ਨੂੰ ਹਾਸਲ ਕਰਨ ਦੀ ਗੱਲ (ਉੱਦਮ) ਕਰੀਏ।

**ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥**

ਮੇਰੇ ਚੰਚਲ ਮਨਾ! ਆਪਣੀਆਂ ਚਲਾਕੀਆਂ ਨਾਲ਼ ਕਿਸੇ ਨੂੰ ਅਨੰਦ ਨਹੀਂ ਮਿਲ਼ਦਾ।

**ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ ॥**

ਇਸ ਨੂੰ ਸੁਣ (ਧਿਆਨ ਕਰ), ਮੇਰੇ ਮਨਾ! ਕਿ ਚਲਾਕੀਆਂ ਨਾਲ਼ ਕਦੇ ਕਿਸੇ ਨੂੰ ਅਨੰਦ ਪ੍ਰਾਪਤ ਨਹੀਂ ਹੋਇਆ।

**ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥**

ਮਾਇਆ ਦੇ ਮੋਹ 'ਚ ਪੈ ਕੇ ਅਸੀਂ ਇਸ ਭਰਮ/ਭੁਲੇਖੇ 'ਚ ਪੈ ਜਾਂਦੇ ਹਾਂ ਕਿ ਆਪਣੀਆਂ ਚਲਾਕੀਆਂ ਨਾ਼ਲ ਅਨੰਦ ਹਾਸਲ ਕਰ ਲਵਾਂਗੇ।

**ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥**

ਇਹ ਮਾਇਆ (ਵਿਕਾਰਾਂ ਵਾ਼ਲੀ ਮੱਤ) ਸਾਨੂੰ ਮੋਹਣ ਜੋਗੀ ਵੀ ਤਾਂ ਹੀ ਹੁੰਦੀ ਹੈ ਕਿਉਂਕਿ ਸਾਡਾ ਮਨ ਹੀ ਇਸਦੀ ਠੱਗੀ ਵਿੱਚ ਆ ਜਾਂਦਾ ਹੈ।

**ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥**

ਜਿਸ ਮਾਇਆ ਵਿੱਚ ਮੋਹ ਮਿੱਠਾ ਲੱਗਣ ਲੱਗ ਜਾਂਦਾ ਹੈ (ਵਿਕਾਰਾਂ ਨਾ਼ਲ ਪਿਆਰ ਪੈਂਦਾ ਹੈ), ਇਹ ਮਨ ਓਸੇ ਮਾਇਆ ਤੇ ਖੁਦ ਨੂੰ ਕੁਰਬਾਣ ਕਰ ਲੈਂਦਾ ਹੈ (ਖੁਦ ਨੂੰ ਸੌਂਪ ਦੇਂਦਾ ਹੈ)।

**ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥**

ਸ਼ਰਾਰਤੀ ਮਨ ਦੀਆਂ ਚਤੁਰਾਈਆਂ/ਚਲਾਕੀਆਂ ਨਾ਼ਲ ਕਦੀ ਕਿਸੇ ਨੂੰ ਅਨੰਦ ਹਾਸਲ ਨਹੀਂ ਹੋਇਆ

**ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥**

ਮੇਰੇ ਪਿਆਰੇ ਮਨਾ! ਤੂੰ ਸਦਾ ਰਹਿਣ ਵਾ਼ਲੇ ਪਰਮਾਤਮਾ ਵੱਲ ਧਿਆਨ ਕਰ

**ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥**

ਇਹ ਜੋ ਸਾਰਾ (ਵਿਕਾਰਾਂ ਦਾ) ਪਰਵਾਰ ਤੂੰ ਦੇਖਦਾ ਹੈਂ (ਤੈਨੂੰ ਪਿਆਰਾ ਲੱਗ ਰਿਹਾ ਹੈ); ਇਹ ਤੇਰੇ ਨਾ਼ਲ ਨਹੀਂ ਨਿਭਦਾ (ਅਨੰਦ ਦੀ ਪ੍ਰਾਪਤੀ ਵੱਲ ਕੰਮ ਨਹੀਂ ਆਉਂਦਾ)

**ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥**

ਜੋ ਤੇਰੇ ਕੰਮ ਹੀ ਨਹੀਂ ਆਉਣਾ, ਉਸ ਨਾ਼ਲ ਚਿੱਤ ਲਗਾਉਣ ਨਾ਼ਲ ਕੀ ਮਿ਼ਲੇਗਾ?

**ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥**

ਇਸ ਲਈ ਐਸਾ ਕੰਮ ਬਿਲਕੁਲ ਨਾ ਕਰੀਏ (ਵਿਕਾਰਾਂ ਨਾਲ਼ ਪਿਆਰ ਨਾ ਪਾਈਏ) ਕਿਉਂਕਿ ਉਸ ਵਿੱਚੋਂ ਅਖੀਰ ਪਛਤਾਵਾ ਹੀ ਮਿਲਦਾ ਹੈ।

**ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥**

ਸੱਚੇ ਗੁਰੂ ਦਾ ਉਪਦੇਸ਼/ਸਿੱਖਿਆ ਨੂੰ ਸੁਣ (ਮੰਨ) ਜੋ ਸਦਾ ਤੇਰੇ ਨਾਲ਼ ਨਿਭਦਾ ਹੈ (ਅਨੰਦ ਦੀ ਪ੍ਰਾਪਤੀ ਵੱਲ ਲੈ ਕੇ ਜਾਂਦਾ ਹੈ)।

**ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥**

ਮੇਰੇ ਪਿਆਰੇ ਮਨਾ, ਤੂੰ ਸਦਾ ਨਾਲ਼ ਨਿਭਣ ਵਾਲ਼ੇ ਪਰਮਾਤਮਾ ਵੱਲ ਧਿਆਨ ਕਰ।

**ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥**

(ਮੇਰੇ ਮਨਾ! ਧਿਆਨ ਕਰ ਕਿ) ਹੇ ਅਗੰਮ ਅਗੋਚਰ ਪਰਮਾਤਮਾ, ਤੇਰਾ ਅੰਤ ਨਹੀਂ ਪਾਇਆ ਜਾ ਸਕਦਾ (ਤੇਰੀਆਂ ਦਾਤਾਂ ਦੀ ਗਿਣਤੀ ਨਹੀਂ ਹੋ ਸਕਦੀ)।

**ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥**

ਤੇਰਾ ਅੰਤ ਕੋਈ ਨਹੀਂ ਪਾ ਸਕਿਆ; ਅਪਣੀ ਵਡਿਆਈ ਤੂੰ ਆਪ ਹੀ ਜਾਣਦਾ ਹੈਂ।

**ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥**

ਇਹ ਜੀਅ-ਜੰਤ ਸਭ ਤੇਰੇ ਬਣਾਏ ਹੋਏ ਹਨ, ਇਹ ਕਿਵੇਂ ਤੇਰੀ ਵਡਿਆਈ ਕਹਿ ਸਕਦੇ ਹਨ?

**ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥**

ਸਾਰੀ ਸ੍ਰਿਸ਼ਟੀ ਬਣਾਉਣ ਵਾਲ਼ਿਆ! ਸਾਰਿਆਂ ਵਿੱਚ ਤੂੰ ਆਪ ਹੀ ਬੋਲਦਾ-ਵੇਖਦਾ ਹੈਂ (ਸਭ ਨੂੰ ਵੇਖਣ-ਸੋਚਣ-ਬੋਲਣ ਦੀ ਸ਼ਕਤੀ ਵੀ ਤੇਰੀ ਦਿੱਤੀ ਹੋਈ ਹੈ)।

**ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥**

ਤੂੰ ਸਦਾ ਅਗੰਮ (ਸਾਡੀ ਸਮਝ ਤੋਂ ਪਰੇ) ਹੈਂ; ਅਸੀਂ ਤੇਰਾ ਅੰਤ ਨਹੀਂ ਪਾ ਸਕਦੇ।

**ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥**

**ਅੰਮ੍ਰਿਤ:** ਸਦੀਆਂ ਤੋਂ ਲੋਕ ਕਿਸੇ ਐਸੇ ਪਦਾਰਥ ਦੀ ਖੋਜ ਕਰ ਰਹੇ ਹਨ ਜਿਸ ਨੂੰ ਪੀ ਲਈਏ ਤੇ ਮੌਤ ਨਾ ਆਵੇ। ਸ਼ਰੀਰ ਤਾਂ ਸਭ ਦਾ ਖਤਮ ਹੋਣਾ ਹੈ, ਪਰ ਸਿਆਣੇ ਲੋਕ ਹਮੇਸ਼ਾਂ ਤੋਂ ਜ਼ਮੀਰ ਦੀ ਮੌਤ ਤੋਂ ਬਚਣ ਨੂੰ ਅਮਰ ਹੋਣਾ ਕਹਿੰਦੇ ਹਨ। ਲਾਲਚ, ਨਫਰਤ, ਈਰਖਾ, ਹਉਮੈ ਆਦਿ ਵਿਕਾਰਾਂ 'ਚ ਅਸੀਂ ਨਿੱਤ ਮਰਦੇ ਹਾਂ। ਸੋ, ਅਸਲ ਵਿੱਚ ਅੰਮ੍ਰਿਤ ਉਹ ਗੁਣ/ਸਮਝ ਹੈ ਜਿਸ ਨਾਲ਼ ਅਸੀਂ ਵਿਕਾਰਾਂ ਵਾਲ਼ੀ ਆਤਮਕ ਮੌਤ ਤੋਂ ਬਚ ਜਾਂਦੇ ਹਾਂ।

ਸਦੀਆਂ ਤੋਂ ਲੋਕ ਜੋ ਅੰਮ੍ਰਿਤ (ਵਿਕਾਰਾਂ ਤੋਂ ਬਚਣ ਵਾਲ਼ਾ ਗੁਣ) ਲੱਭਦੇ ਫਿਰਦੇ ਹਨ, ਉਹ ਅੰਮ੍ਰਿਤ ਗਿਆਨ ਵਿੱਚੋਂ ਮਿਲ਼ਦਾ ਹੈ।

**ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥**

ਰੱਬੀ ਗਿਆਨ ਦੀ ਕਿਰਪਾ ਹੈ ਜਿਸ ਨਾਲ਼ ਮਨ ਵਿਕਾਰਾਂ ਵੱਲੋਂ ਹਟਾਉਣ ਵਾਲ਼ਾ ਅੰਮ੍ਰਿਤ/ਗੁਣ ਲੈ ਕੇ ਸਦਾ ਸੰਗ ਰਹਿਣ ਵਾਲ਼ੇ ਪਰਮਾਤਮਾ ਵੱਲ ਜੁੜਦਾ ਹੈ।

**ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥**

ਐਸਾ ਮਨ ਸਾਰੇ ਜੀਅ-ਜੰਤਾਂ ਵਿੱਚ ਇੱਕ ਨੂੰ ਵੇਖਦਾ ਹੈ, ਤੇ ਓਸੇ ਇੱਕ ਦੀ ਸੇਵਾ/ਧਿਆਨ ਕਰਦਾ ਹੈ।

**ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥**

ਉਸ ਅੰਦਰੋਂ ਲਾਲਚ-ਅਹੰਕਾਰ ਵਰਗੇ ਔਗਣ ਮੁੱਕਦੇ ਹਨ, ਕਿਉਂਕਿ ਉਸਦਾ ਪਿਆਰ ਸਦਾ ਨਾਲ਼ ਰਹਿਣ ਵਾਲ਼ੇ ਰੱਬੀ ਗਿਆਨ/ਸਮਝ ਨਾਲ਼ ਪੈ ਗਿਆ ਹੈ।

**ਕਹੈ ਨਾਨਕੁ ਜਿਸਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥**

ਸੋ, ਇਹ ਉਸ ਸੱਚੇ ਗਿਆਨ/ਸਮਝ ਦੀ ਮਿਹਰਬਾਨੀ ਹੀ ਹੈ ਕਿ ਉਸ ਮਨ ਨੂੰ ਅੰਮ੍ਰਿਤ ਪ੍ਰਾਪਤ ਹੁੰਦਾ ਹੈ।

## ਭਗਤਾ ਕੀ ਚਾਲ ਨਿਰਾਲੀ ॥

**ਭਗਤ:** ਗੁਰਮਤ ਅਨੁਸਾਰ ਰੱਬੀ ਗੁਣਾਂ ਨੂੰ ਅਪਣੇ ਜੀਵਨ ਵਿੱਚ ਉਤਾਰਨਾ ਭਗਤੀ ਹੈ। ਇਸ ਕਰਕੇ ਭਗਤ ਉਹ ਹੈ, ਜੋ ਰੱਬੀ ਗੁਣਾਂ ਨੂੰ ਅਪਣੇ ਜੀਵਨ ਵਿੱਚ ਉਤਾਰਦਾ ਹੈ, ਅਤੇ ਔਗਣਾਂ ਤੋਂ ਖੁਦ ਨੂੰ ਹਟਾਉਂਦਾ ਹੈ।

ਭਗਤਾਂ ਦਾ ਜਿਊਣ ਦਾ ਢੰਗ ਆਮ ਵਿਅਕਤੀਆਂ ਨਾਲ਼ੋਂ ਵੱਖਰਾ ਹੈ।

**ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥**

ਉਨ੍ਹਾਂ ਦਾ ਜਿਊਣ ਦਾ ਢੰਗ ਅਲੱਗ ਹੈ, ਤੇ ਆਮ ਵਿਅਕਤੀਆਂ (ਜੋ ਵਿਕਾਰਾਂ 'ਚ ਜੀ ਰਹੇ ਨੇ) ਲਈ ਔਖਾ ਵੀ ਹੈ।

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥**

ਲਾਲਚ, ਅਹੰਕਾਰ, ਤ੍ਰਿਸ਼ਨਾ (ਨਾ ਖਤਮ ਹੋਣ ਵਾਲ਼ੀਆਂ ਇੱਛਾਵਾਂ) ਆਦਿ ਵਿਕਾਰਾਂ ਨੂੰ ਛਡਣਾ, ਤੇ ਖੁਦ ਨੂੰ ਵਡਿਆਉਣ/ਸਲਾਹਣ ਵਾਲ਼ੀਆਂ ਗੱਲਾਂ ਨਹੀਂ ਕਰਦੇ; ਉਹ ਭਗਤ ਹਨ।

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥**

ਆਮ ਵਿਅਕਤੀ ਦੀ ਨਜ਼ਰ ਵਿੱਚ ਜੀਵਨ ਦਾ ਇਹ ਰਾਹ ਇੰਜ ਔਖਾ ਹੈ ਜਿਵੇਂ ਖੰਡੇ ਦੀ ਧਾਰ ਤੇ ਤੁਰਨਾ, ਜਾਂ ਬਰੀਕ ਵਾਲ਼ ਵਰਗੇ ਰਾਹ 'ਚੋਂ ਲੰਘਣਾ (ਭਾਵ: ਵਿਕਾਰੀ ਮਨ ਲਈ ਇਹ ਰਾਹ ਬਹੁਤ ਔਖਾ ਹੈ)।

**ਗੁਰਪਰਸਾਦੀ ਜਿਨ੍ਹੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥**

ਗੁਰੁ ਗਿਆਨ ਨਾਲ਼ ਜੋ ਮੈਂ-ਮੇਰੀ ਨੂੰ ਛੱਡਦੇ ਹਨ, ਉਨ੍ਹਾਂ ਦੀ ਸਾਰੀ ਵਾਸਨਾ (ਕਾਮਨਾਵਾਂ/ਇੱਛਾਵਾਂ) ਪ੍ਰਭੂ ਨਾਲ਼ ਇੱਕਮਿਕਤਾ ਵਿੱਚ ਹੀ ਸਮਾ ਜਾਂਦੀ ਹੈ (ਪੂਰੀਆਂ ਹੋ ਜਾਂਦੀਆਂ ਹਨ: ਮਨ ਨੂੰ ਭਟਕਾਉਣ ਵਾਲ਼ੀ ਕੋਈ ਆਸ ਨਹੀਂ ਰਹਿੰਦੀ)।

**ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥**

ਇਸ ਤਰ੍ਹਾਂ, ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰਨ ਵਾਲ਼ੇ ਭਗਤਾਂ ਦਾ ਰਾਹ ਹਮੇਸ਼ਾਂ ਹੀ ਨਿਰਾਲਾ ਹੁੰਦਾ ਹੈ (ਦੁਨੀਆ ਨਾਲ਼ੋਂ ਵੱਖਰਾ ਹੈ)।

**ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥**

(ਭਗਤਾਂ ਵਾ.ਲੇ ਰਾਹ ‘ਤੇ ਚੱਲਣ ਲਈ ਅੰਦਰ ਵੱਸਦੇ ਸੱਚੇ ਗੁਰੂ/ਪਰਮਾਤਮਾ ਨੂੰ ਪੂਰੀ ਤਰ੍ਹਾਂ ਆਪਣਾ ਆਪਾ ਸੌਂਪਣਾ ਜ਼ਰੂਰੀ ਹੈ; ਇਸ ਲਈ, ਮੇਰੇ ਮਨਾ! ਇਉਂ ਕਹਿ, ਕਿ) ਹੇ ਪ੍ਰਭੂ! ਜਿਵੇਂ ਤੇਰਾ ਹੁਕਮ ਹੈ, ਮੈਂ ਉਸ ਤਰ੍ਹਾਂ ਜੀਵਾਂ; ਇਸ ਤੋਂ ਅੱਗੇ ਤੇਰੇ ਹੋਰ ਗੁਣ (ਕੌਣ ਹੈਂ, ਕਿਉਂ ਹੈਂ) ਮੈਨੂੰ ਜਾਨਣ ਦੀ ਲੋੜ ਨਹੀਂ।

**ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥**

ਤੂੰ ਜਿਵੇਂ ਮਾਰਗ/ਰਾਹ ਦੱਸਦਾ ਹੈਂ, ਮੈਂ ਉਸ ਅਨੁਸਾਰ ਅਪਣਾ ਜੀਵਨ ਜੀਵਾਂ (ਚੱਲਾਂ)।

**ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥**

ਇਹ ਤੇਰੀ ਹੀ ਕਿਰਪਾ ਹੈ ਜੋ ਕੋਈ ਖੁਦ ਅੰਦਰ ਤੇਰਾ ਨਾਮ/ਪਛਾਣ ਲੈ ਆਵੇ (ਤੇਰੇ ਹੁਕਮ ਨੂੰ ਸਮਝਣ ਲੱਗ ਜਾਵੇ); ਤੇ ਸਦਾ ਤੇਰੇ (ਦੱਸੇ ਰਾਹ) ਵੱਲ ਧਿਆਨ ਰਹੇ।

**ਜਿਸਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥**

(ਤੂੰ ਸਭ ਅੰਦਰ ਵੱਸਦਾ ਹੈਂ, ਪਰ) ਜਿਸ ਨੂੰ ਤੇਰੀ ਗੱਲ ਸੁਣਨੀ ਆ ਗਈ ਉਹ ਤੇਰੇ ਦਿੱਤੇ ਗਿਆਨ/ਸਮਝ ਦੁਆਰਾ ਸੁੱਖ/ਅਨੰਦ ਨੂੰ ਹਾਸਲ ਕਰ ਲੈਂਦਾ ਹੈ। (ਮਨ ‘ਚ ਇਹ ਮਾਣ ਨਾ ਆਵੇ ਕਿ ਮੈਂ ਸੁਣਿਆ ਹੈ, ਇਸ ਲਈ ਇਹ ਅਹਿਸਾਸ ਹੋਵੇ ਕਿ ਸੁਣਨ ਜੋਗਾ ਵੀ ਉਸਨੇ ਹੀ ਕੀਤਾ ਹੈ)।

**ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥**

ਮੇਰੇ ਅੰਦਰ ਵੱਸਦੇ ਸੱਚੇ ਸਾਹਿਬਾ! ਜਿਵੇਂ ਤੈਨੂੰ ਭਾਉਂਦਾ ਹੈ, ਉਵੇਂ ਮੈਂ ਅਪਣੇ ਮਨ ਨੂੰ ਚਲਾਵਾਂ (ਇਸ ਸੋਝੀ ਦੀ ਕਿਰਪਾ ਕਰ)।

**ਏਹੁ ਸੋਹਿਲਾ ਸਬਦੁ ਸੁਹਾਵਾ ॥**

ਸਤਿ ਸਰੂਪ ਪਰਮਾਤਮਾ ਦਾ ਜੋ ਸੋਹਣਾ ਸ਼ਬਦ/ਗਿਆਨ ਨਿਰੰਤਰ ਸਾਡੇ ਅੰਦਰ ਹੈ, ਓਹੀ ਸਦੀਵੀ ਅਨੰਦ ਦਾ ਗੀਤ (ਸੋਹਿਲਾ) ਹੈ।

**ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥**

ਸਦਾ ਨਾਲ਼ ਵੱਸਦਾ ਪਰਮਾਤਮਾ/ਗੁਰੂ ਜੋ ਸਾਨੂੰ ਸੁਣਾ ਰਿਹਾ ਹੈ (ਰਾਹ ਦੱਸ ਰਿਹਾ ਹੈ), ਓਹੀ ਸ਼ਬਦ/ਗਿਆਨ ਸਦਾ ਅਨੰਦ ਵਾਲ਼ਾ ਸੋਹਣਾ ਗੀਤ ਹੈ।

**ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥**

ਜਿਨ੍ਹਾਂ ਅਪਣੇ ਧੁਰ ਅੰਦਰ ਇਸ ਨੂੰ ਲਿਖ ਲਿਆ ਹੈ (ਉਤਾਰ ਲਿਆ ਹੈ), ਉਨ੍ਹਾਂ ਦੇ ਹੀ ਮਨ 'ਚ ਇਹ ਅਨੰਦ ਦਾ ਸੋਮਾ ਵੱਸ ਜਾਂਦਾ ਹੈ।

**ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥**

ਇੱਕ ਉਹ ਹਨ ਜੋ ਅਨੰਦ/ਖੁਸ਼ੀਆਂ ਦੀਆਂ ਬਥੇਰੀਆਂ ਗੱਲਾਂ ਕਰਦੇ ਹਨ, ਪਰ ਇਹ ਸਦੀਵੀ ਅਨੰਦ ਗੱਲਾਂ ਨਾਲ਼ ਨਹੀਂ ਮਿਲ਼ਦਾ।

**ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥**

ਇਹ ਅਨੰਦ ਤਾਂ ਸੱਚੇ (ਸਦਾ ਰਹਿਣ ਵਾਲ਼ੇ) ਗੁਰੂ/ਪਰਮਾਤਮਾ ਦੇ ਸ਼ਬਦ/ਗਿਆਨ ਨੂੰ ਸੁਣ/ਮੰਨ ਕੇ ਮਿਲ਼ਦਾ ਹੈ।

**ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥**

(ਇੰਜ ਸੱਚੇ ਨੂੰ ਸਮਰਪਤ ਹੋ ਕੇ) ਜੀਵਨ ਦੇ ਸੋਮੇ ਪਰਮਾਤਮਾ ਦਾ ਧਿਆਨ ਕਰਨ ਵਾਲ਼ੇ ਪਵਿੱਤਰ ਹੋ ਜਾਂਦੇ ਨੇ (ਵਿਕਾਰਾਂ/ਬੁਰਾਈਆਂ ਦੀ ਮੈਲ਼ ਤੋਂ ਮੁਕਤ ਹੋ ਜਾਂਦੇ ਹਨ)

**ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥**

ਜਿਨ੍ਹਾਂ ਨੇ ਵੀ ਗਿਆਨ/ਸਮਝ ਵੱਲ ਮੁਖ ਕੀਤਾ (ਗਿਆਨ ਓਨੁਸਾਰ ਜੀਊਣਾ ਸ਼ੁਰੂ ਕੀਤਾ, ਉਨ੍ਹਾਂ ਦਾ ਧਿਆਨ ਹਰੀ ਪਰਮਾਤਮਾ ਵੱਲ ਹੁੰਦਾ ਹੈ, ਤੇ ਓਹੀ ਪਵਿੱਤਰ ਹੁੰਦੇ ਹਨ।

**ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥**

ਹਰੀ ਪਰਮਾਤਮਾ ਵੱਲ ਧਿਆਨ ਹੋਣ ਕਰਕੇ ਉਹ ਪਵਿੱਤਰਤਾ (ਵਿਕਾਰਾਂ ਤੋਂ ਮੁਕਤੀ) ਨੂੰ ਹੀ ਅਪਣਾ ਮਾਤਾ-ਪਿਤਾ-ਪਰਿਵਾਰ ਬਣਾ ਲੈਂਦੇ ਹਨ; ਉਹ ਸਦਾ ਪਵਿੱਤਰਤਾ ਦਾ ਹੀ ਸੰਗ ਕਰਦੇ ਹਨ (ਭਾਵ: ਹਮੇਸ਼ਾਂ ਅੰਦਰੂਨੀ ਪਵਿੱਤਰਤਾ ਨੂੰ ਹੀ ਤਰਜੀਹ ਦਿੰਦੇ ਹਨ)।

**ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥**

ਜਿਨ੍ਹਾਂ ਨੇ ਮਨ ਵਿੱਚ ਪ੍ਰਭੂ ਦਾ ਧਿਆਨ ਵਸਾ ਲਿਆ, ਉਹ ਅਪਣੇ ਬੋਲਣ-ਸੁਣਨ (ਵਿਚਾਰ-ਵਿਹਾਰ) ਵਿੱਚ ਪਵਿੱਤਰਤਾ ਨੂੰ ਅਮਲ 'ਚ ਲਿਆਉਂਦੇ ਹਨ।

**ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥**

ਇੰਜ, ਹਰ ਪਲ ਜੀਵਨ ਰੂਪ ਪਰਮੇਸ਼ਰ ਦਾ ਧਿਆਨ ਕਰਨ ਵਾਲ਼ੇ ਸਦਾ ਪਵਿੱਤਰ (ਵਿਕਾਰਾਂ ਤੋਂ ਮੁਕਤ) ਜੀਊਂਦੇ ਹਨ।

**ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥**

ਕੇਵਲ ਬਾਹਰੀ ਕਰਮਾਂ ਨਾਲ਼, ਸਾਡੇ ਅੰਦਰ ਸਹਿਜ (ਰੱਬੀ ਗਿਆਨ-ਗੁਣਾਂ ਵਾਲ਼ਾ ਸੁਭਾਅ) ਨਹੀਂ ਬਣਦਾ। ਤੇ ਜਦੋਂ ਤੱਕ ਸੁਭਾਅ ਗੁਣਾਂ ਵਾਲ਼ਾ ਨਹੀਂ, ਉਦੋਂ ਤੱਕ ਮਨ ਅੰਦਰੋਂ (ਵਿਕਾਰਾਂ ਕਰਕੇ ਪੈਦਾ ਹੋਣ ਵਾਲ਼ੀ) ਬੇਚੈਨੀ-ਬੇਸਬਰੀ ਖਤਮ ਨਹੀਂ ਹੁੰਦੀ।

**ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥**

ਬਹੁਤ ਲੋਕ ਬਾਹਰੀ ਕਰਮਾਂ ਨਾਲ਼ ਮਨ ਨੂੰ ਸਹਿਜ 'ਚ ਲਿਆਉਣ (ਸੁਭਾਅ ਨੂੰ ਟਿਕਾਉਣ) ਦੇ ਜਤਨ ਕਰਦੇ ਰਹੇ ਹਨ, ਪਰ ਮਨ ਦੀ ਇਹ ਬੇਚੈਨੀ ਕਿਸੇ ਵੀ ਬਾਹਰੀ ਉੱਦਮ ਨਾਲ਼ ਨਹੀਂ ਜਾਂਦੀ।

**ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥**

(ਵਿਕਾਰਾਂ ਵਿੱਚ) ਨਿਰੰਤਰ ਬੇਚੈਨ ਰਹਿਣ ਵਾਲ਼ਾ ਮਨ ਮੈਲ਼ਾ ਹੋਇਆ ਰਹਿੰਦਾ ਹੈ; ਇਸ ਮੈਲ਼ ਨੂੰ ਕਿਵੇਂ ਧੋਇਆ ਜਾਵੇ?

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥**

ਰੱਬੀ ਗਿਆਨ ਨੂੰ ਮੰਨ ਕੇ ਉਸ ਅਨੁਸਾਰ ਜਿਊਣ ਨਾਲ਼ ਮਨ ਧੋਤਾ ਜਾਂਦਾ ਹੈ (ਵਿਕਾਰਾਂ ਤੋਂ ਮੁਕਤੀ ਹੁੰਦੀ ਹੈ), ਤੇ ਹਰੀ ਪਰਮਾਤਮਾ ਵੱਲ ਚਿੱਤ ਲੱਗਿਆ ਰਹਿੰਦਾ ਹੈ।

**ਕਹੈ ਨਾਨਕੁ ਗੁਰਪਰਸਾਦੀ ਸਹਜੁ ਉਪਜੈ**
**ਇਹ ਸਹਸਾ ਇਵ ਜਾਇ ॥੧੮॥**

ਗੁਰੂ-ਗਿਆਨ ਦੀ ਕਿਰਪਾ ਨਾਲ਼ ਮਨ ਅੰਦਰ ਸਹਿਜ ਆਉਂਦਾ ਹੈ (ਮਨ ਵਿਕਾਰਾਂ ਨੂੰ ਛੱਡ ਕੇ ਗੁਣਾਂ ਵਾਲ਼ਾ ਸੁਭਾਅ ਲੈਂਦਾ ਹੈ), ਤੇ ਮਨ ਦੀ (ਵਿਕਾਰਾਂ ਵਾਲ਼ੀ) ਬੇਚੈਨੀ (ਅਸ਼ਾਂਤੀ) ਮੁੱਕਦੀ ਹੈ।

**ਜੀਅਹੁ ਮੈਲੇ ਬਾਹਰਹੁ ਨਿਰਮਲ ॥**

ਸਾਡੇ ਅੰਦਰ (ਵਿਕਾਰਾਂ ਦੀ) ਮੈਲ਼ ਹੈ, ਤੇ ਬਾਹਰੋਂ ਅਸੀਂ ਸੁੱਚੇ ਹੋਣ ਦੇ ਜਤਨ ਕਰਦੇ ਹਾਂ।

**ਬਾਹਰਹੁ ਨਿਰਮਲ ਜੀਅਹੁ ਤ ਮੈਲੇ**
**ਤਿਨੀ ਜਨਮੁ ਜੂਐ ਹਾਰਿਆ ॥**

ਜਦ ਤੱਕ ਅਸੀਂ ਅੰਦਰੋਂ ਮੈਲ਼ੇ, ਤੇ ਬਾਹਰੋਂ ਸੁੱਚੇ/ਪਵਿੱਤਰ ਹੋਣ ਦਾ ਅਡੰਬਰ ਕਰਦੇ ਹਾਂ, ਅਸੀਂ ਜੀਵਨ ਦੀ ਖੇਡ ਵਿੱਚ ਹਾਰੇ ਰਹਿੰਦੇ ਹਾਂ (ਵਿਕਾਰਾਂ ਕਰਕੇ ਜੀਵਨ ਕਿਸੇ ਚੰਗੇ ਲੇਖੇ ਨਹੀਂ ਲੱਗਦਾ)।

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**

ਮਨ ਨੂੰ ਤ੍ਰਿਸ਼ਨਾ (ਕਦੀ ਨਾ ਖਤਮ ਹੋਣ ਵਾਲ਼ੀਆਂ ਇੱਛਾਵਾਂ) ਵਾਲ਼ੀ ਬਿਮਾਰੀ ਲੱਗੀ ਰਹਿੰਦੀ ਹੈ, ਜਿਸ ਵਿੱਚ ਮਨ ਮੌਤ ਭੁੱਲ ਹੀ ਜਾਂਦਾ ਹੈ (ਤ੍ਰਿਸ਼ਨਾ 'ਚ ਪੈ ਕੇ ਜੀਵਨ ਦਾ ਸਮਾਂ ਫਜ਼ੂਲ ਬਰਬਾਦ ਕਰ ਲੈਂਦਾ ਹੈ)।

**ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

ਵੇਦਾਂ (ਧਾਰਕਮ ਗ੍ਰੰਥਾਂ) ਵਿੱਚੋਂ ਮਿਲਣ ਵਾਲ਼ੇ ਉੱਤਮ ਗਿਆਨ (ਨਾਮ) ਨੂੰ ਨਹੀਂ ਸੁਣਦਾ (ਸਮਝਦਾ), ਸਗੋਂ (ਇੱਛਾਵਾਂ ਮਗਰ) ਪਾਗਲਾਂ ਵਾਂਗ ਭਟਕਦਾ ਫਿਰਦਾ ਹੈ।

**ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ**
**ਤਿਨੀ ਜਨਮੁ ਜੂਐ ਹਾਰਿਆ ॥੧੯॥**

ਜੋ ਮਨ ਸਦਾ ਨਾਲ਼ ਵੱਸਦੇ ਪ੍ਰਭੂ ਨੂੰ ਛੱਡ ਕੇ ਉਨ੍ਹਾਂ ਚੀਜ਼ਾਂ ਵੱਲ਼ ਲੱਗਿਆ ਹੈ ਜੋ ਸਦਾ ਨਹੀਂ ਰਹਿੰਦੀਆਂ, ਉਦੋਂ ਤੱਕ ਜੀਵਨ ਵਿੱਚ ਹਾਰਿਆ ਰਹਿੰਦਾ ਹੈ (ਜੀਵਨ 'ਚ ਟਿਕਾਅ-ਸ਼ਾਂਤੀ-ਅਨੰਦ ਨਹੀਂ ਪ੍ਰਾਪਤ ਕਰਦਾ)।

**ਜੀਅਹੁ ਨਿਰਮਲ ਬਾਹਰਹੁ ਨਿਰਮਲ ॥**

ਜੋ ਅੰਦਰੋਂ ਨਿਰਮਲ (ਵਿਕਾਰਾਂ ਤੋਂ ਮੁਕਤ) ਹੁੰਦੇ ਹਨ, ਅਸਲ ਵਿੱਚ ਓਹੀ ਬਾਹਰੋਂ ਵੀ ਪਵਿੱਤਰ ਹੁੰਦੇ ਹਨ (ਉਨ੍ਹਾਂ ਦੇ ਬਾਹਰੀ ਕਰਮ (ਅਡੰਬਰ) ਵਿਖਾਵੇ ਵਾਲ਼ੇ ਨਹੀਂ ਹੁੰਦੇ)।

**ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥**

ਬਾਹਰੋਂ ਸਾਡੇ ਕਰਮ ਓਦੋਂ ਹੀ ਸੁੱਚੇ ਹੁੰਦੇ ਹਨ ਜੇਕਰ ਮਨ ਨਿਰਮਲ ਹੈ; ਤੇ ਇਹ ਨਿਰਮਲਤਾ/ਪਵਿੱਤਰਤਾ ਓਦੋਂ ਹੁੰਦੀ ਹੈ ਜਦ ਸੱਚੇ ਗਿਆਨ ਨੂੰ ਕੀਤਾ-ਕਮਾਇਆ (ਅਮਲ ਵਿੱਚ ਲਿਆਇਆ) ਜਾਂਦਾ ਹੈ।

**ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥**

ਰੱਬੀ ਗਿਆਨ ਵਿੱਚ ਰਚਿਆ ਮਨ ਕੂੜ (ਵਿਕਾਰਾਂ) ਨੂੰ ਲਾਗੇ ਨਹੀਂ ਲੱਗਣ ਦੇਂਦਾ ਕਿਉਂਕਿ ਉਹ ਸੱਚ (ਸਦਾ ਨਾ਼ਲ ਵੱਸਦੇ ਪਰਮਾਤਮਾ ਦੇ ਧਿਆਨ) ਵਿੱਚ ਸਮਾਇਆ ਰਹਿੰਦਾ ਹੈ।

**ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥**

ਉਹ ਵਿਅਕਤੀ ਹੀ ਭਲੇ ਹਨ ਜਿਨ੍ਹਾਂ ਨੇ (ਵਿਕਾਰਾਂ ਵਿੱਚ ਬਰਬਾਦ ਹੋਣ ਤੋਂ ਬਚਾ ਕੇ ਰੱਬੀ ਗੁਣਾਂ ਵਾਲ਼ਾਂ) ਸੋਹਣਾ ਜੀਵਨ ਖੱਟਿਆ ਹੈ।

**ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥**

ਇੰਜ, ਜਿਨ੍ਹਾਂ ਅਪਣੇ ਮਨ ਨੂੰ ਵਿਕਾਰਾਂ ਦੇ ਕੂੜੇ ਤੋਂ ਮੁਕਤ ਕਰਕੇ ਸੁੱਚਾ ਕੀਤਾ ਹੈ, ਉਹ ਸਦਾ ਗੁਰੂ (ਪਰਮਾਤਮਾ) ਨਾ਼ਲ ਹੀ ਰਹਿੰਦੇ ਹਨ।

**ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥**

ਜਦੋਂ ਕੋਈ ਸਿੱਖ (ਸਿੱਖਿਆ ਲੈਣ ਵਾਲੀ ਸੁਰਤ/ਮਨ) ਗੁਰੂ-ਗਿਆਨ ਵੱਲ ਨੂੰ ਸਨਮੁਖ (ਸਮਰਪਿਤ) ਹੁੰਦਾ ਹੈ,

**ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥**

ਤਾਂ ਉਹ ਮਨ-ਚਿੱਤ ਕਰਕੇ ਉਸ ਸਿੱਖਿਆ (ਗਿਆਨ) ਦੇ ਨਾ਼ਲ ਰਹਿੰਦਾ (ਜਿਊਂਦਾ) ਹੈ।

ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥

ਦਿਲ ਵਿੱਚ ਗੁਰੂ-ਗਿਆਨ ਦੇ ਚਰਨਾਂ (ਨਿਸ਼ਾਨਦਿਹੀ-ਸਿੱਖਿਆ) ਨੂੰ ਸਦਾ ਧਿਆਉਂਦਾ ਹੋਇਆ, ਅਪਣੇ ਅੰਦਰ ਸਮਾ ਲੈਂਦਾ ਹੈ (ਗੁਰੂ ਦੀ ਸਿੱਖਿਆ ਤੋਂ ਇਲਾਵਾ ਹੋਰ ਕੁਝ ਨਹੀਂ ਰੱਖਦਾ)।

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥

ਮੈਂ-ਮੇਰੀ (ਬਾਹਰੀ ਸਿਆਣਪਾਂ) ਛੱਡ ਕੇ ਸਦਾ ਗੁਰੂ ਦੀ ਸਿੱਖਿਆ ਨੂੰ ਸਮਰਪਿਤ ਰਹਿੰਦਾ ਹੈ, ਅਤੇ ਗੁਰੂ ਗਿਆਨ ਤੋਂ ਬਿਨਾ ਹੋਰ (ਵਿਕਾਰਾਂ-ਚਲਾਕੀਆਂ) ਵੱਲ ਨਹੀਂ ਜਾਂਦਾ।

ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥

ਐਸਾ ਸਿੱਖ (ਸਿੱਖਿਆ ਲੈਣ ਵਾਲ਼ਾ ਮਨ) ਹੀ ਸਨਮੁਖ ਹੈ (ਗੁਰੂ ਨੂੰ ਹਮੇਸ਼ਾ ਸਾਮ੍ਹਣੇ ਰੱਖਦਾ ਹੈ)।

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥

ਜੇ ਕੋਈ (ਮਨ/ਸੁਰਤ) ਰੱਬੀ ਗਿਆਨ/ਸਮਝ ਤੋਂ ਬੇਮੁਖ (ਮੁਨਕਰ) ਹੈ, ਤਾਂ (ਚੇਤੇ ਰੱਖੀਏ) ਕਿ ਸੱਚੇ ਗਿਆਨ/ਸਮਝ ਤੋਂ ਬਿਨਾਂ ਕਦੇ ਮੁਕਤੀ ਹਾਸਲ ਨਹੀਂ ਕਰ ਸਕਦਾ (ਮੁਕਤੀ: ਵਿਕਾਰਾਂ ਤੇ ਉਨ੍ਹਾਂ ਤੋਂ ਪੈਦਾ ਹੋਏ ਦੁੱਖਾਂ ਤੋਂ ਛੁਟਕਾਰਾ)।

ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥

ਹੋਰ ਕਿਸੇ ਥਾਂ (ਬਾਹਰੀ ਸਿਆਣਪਾਂ, ਚਤੁਰਾਈਆਂ) ਵਿੱਚ ਮੁਕਤੀ ਨਹੀਂ ਮਿਲ਼ਦੀ, ਭਾਵੇਂ ਕਿਸੇ ਵੀ ਸਿਆਣੇ ਨੂੰ ਪੁੱਛ ਕੇ ਵੇਖ ਲਿਆ ਜਾਵੇ।

ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥

(ਬਾਹਰੀ ਸਿਆਣਪਾਂ, ਚਲਾਕੀਆਂ ਵਿੱਚ) ਮਨ ਕਿੰਨੀਆਂ ਹੀ ਜੂਨਾਂ (ਵਿਕਾਰਾਂ ਵਿੱਚ ਪਏ ਮਨ ਦੇ ਉਤਾਰ-ਚੜ੍ਹਾਅ) ਵਿੱਚ ਭਰਮਦਾ, ਭਟਕਦਾ ਰਹਿੰਦਾ ਹੈ; ਬਿਨਾਂ ਸੱਚੇ ਗਿਆਨ (ਸਮਝ) ਦੇ ਇਸ ਭਟਕਣਾ ਤੋਂ ਛੁਟਕਾਰਾ (ਮੁਕਤੀ) ਨਹੀਂ ਹੁੰਦਾ।

ੴ **ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**

ਮੁਕਤੀ ਉਦੋਂ ਮਿਲ਼ਦੀ ਹੈ ਜੇਕਰ (ਉਨ੍ਹਾਂ ਸਿਆਣਪਾਂ-ਚਲਾਕੀਆਂ ਤੋਂ) ਗੁਰੂ ਗਿਆਨ ਦੇ ਚਰਣਾਂ (ਸਿੱਖਿਆਵਾਂ) ਵੱਲ ਖੁਦ ਨੂੰ ਫੇਰ ਕੇ (ਮੋੜ ਕੇ), ਸੱਚੇ (ਸਦਾ ਨਾ਼ਲ ਨਿਭਣ ਵਾ਼ਲੇ) ਗੁਰੂ ਗਿਆਨ ਦੇ ਸ਼ਬਦ (ਸਿੱਖਿਆ) ਨੂੰ ਸੁਣ ਆਵੇ।

**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥**

ਇਸ ਲਈ ਜਾਣੀਏ ਕਿ ਸੱਚੇ (ਸਦਾ ਨਾ਼ਲ ਨਿਭਣ ਵਾ਼ਲੇ) ਗਿਆਨ ਦੇ ਬਿਨਾਂ ਮੁਕਤੀ ਨਹੀਂ ਮਿਲ਼ ਸਕਦੀ।

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥**

ਸਦਾ ਨਾ਼ਲ ਨਿਭਣ ਵਾ਼ਲੇ ਗੁਰੂ ਗਿਆਨ ਨੂੰ ਪਿਆਰ ਕਰਨ ਵਾ਼ਲਿਓ! ਆਓ ਸੱਚੀ ਸਿੱਖਿਆ ਨੂੰ ਗਾਈਏ (ਅਮਲ ਵਿੱਚ ਲਿਆਈਏ)।

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥**

ਗੁਰੂ ਦੀ ਸਿੱਖਿਆ ਨੂੰ ਗਾਈਏ (ਅਮਲ ਵਿੱਚ ਲਿਆਈਏ), ਜੋ ਸਭ ਤੋਂ ਸਿਰਮੌਰ (ਉੱਚੀ) ਹੈ।

**ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥**

ਇਸ ਸਿੱਖਿਆ ਨੂੰ ਉਨ੍ਹਾਂ ਅਪਣੇ ਹਿਰਦੇ ਵਿੱਚ ਸਮਾਇਆ ਹੈ, ਜਿਨ੍ਹਾਂ ਦੀ ਨਜ਼ਰ (ਧਿਆਨ) ਗੁਰੂ ਗਿਆਨ ਦੇ ਕਰਮ (ਕਿਰਪਾ) ਵੱਲ ਹੋਈ ਹੈ (ਭਾਵ: ਜੋ ਇਹ ਜਾਣ ਲੈਂਦੇ ਹਨ ਕਿ ਗੁਰੂ ਗਿਆਨ ਨਾ਼ਲੋਂ ਵੱਡੀ ਕਿਰਪਾ ਹੋਰ ਕੋਈ ਨਹੀਂ ਹੈ)।

**ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥**

ਆਓ, ਅਸੀਂ ਗਿਆਨ ਵਾ਼ਲਾ ਅੰਮ੍ਰਿਤ ਪੀ ਲਈਏ (ਵਿਕਾਰਾਂ ਤੋਂ ਮੁਕਤ ਹੋਣ ਵਾ਼ਲਾ ਗੁਣ ਲੈ ਲਈਏ), ਅਤੇ ਸਦਾ ਜੀਵਨ ਰੂਪ ਪਰਮਾਤਮਾ ਦੇ ਰੰਗ (ਪ੍ਰੇਮ) ਵਿੱਚ ਉਸਨੂੰ ਜਪਦੇ ਰਹੀਏ (ਉਸਦੇ ਹੁਕਮ-ਸਿੱਖਿਆ ਨੂੰ ਅਮਲ ਵਿੱਚ ਲਿਆਉਂਦੇ ਰਹੀਏ)।

**ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥**

ਸਦਾ ਸੱਚੀ ਸਿੱਖਿਆ ਨੂੰ ਗਾਈਏ (ਅਮਲ ਵਿੱਚ ਲਿਆਈਏ)।

### ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥

ਸਦਾ ਨਾਲ਼ ਵੱਸਦੇ ਗੁਰੂ (ਪਰਮਾਤਮਾ ਦੇ ਗਿਆਨ, ਹੁਕਮ) ਤੋਂ ਬਿਨਾਂ ਹੋਰ ਸਿੱਖਿਆ (ਬਾਹਰੀ ਸਿਆਣਪਾਂ ਅਤੇ ਚਤੁਰਾਈਆਂ) ਕੱਚੀ (ਝੂਠੀ) ਹੈ।

### ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥

ਸੱਚੇ ਗਿਆਨ (ਗੁਰੂ) ਤੋਂ ਬਿਨਾਂ ਬਾਕੀ ਸਭ ਸਿਆਣਪਾਂ ਝੂਠ (ਨਾਲ਼ ਨਾ ਨਿਭਣ ਵਾਲ਼ੀਆਂ) ਹਨ (ਭਾਵ: ਵਿਕਾਰਾਂ (ਬੁਰਾਈਆਂ) ਤੋਂ ਮੁਕਤ ਕਰਕੇ ਅਨੰਦ ਦੇ ਰਾਹ ਵੱਲ ਲੈ ਕੇ ਨਹੀਂ ਜਾਂਦੀਆਂ)।

### ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥

ਉਨ੍ਹਾਂ ਝੂਠੀਆਂ ਚਤੁਰਾਈਆਂ ਨੂੰ ਵਰਤਣ ਵਾਲ਼ੇ ਆਪ ਵੀ ਕੱਚੇ (ਝੂਠੇ) ਹੁੰਦੇ ਹਨ।

### ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥

ਉਹ ਜ਼ੁਬਾਨ ਤੋਂ ਤਾਂ ਰੱਬ-ਰੱਬ ਕਰਦੇ ਹਨ, ਪਰ ਇੰਝ ਕਹਿਣ ਨਾਲ਼ ਕੁਝ ਵੀ ਜਾਣਿਆ (ਸਮਝਿਆ) ਨਹੀਂ ਜਾਂਦਾ।

### ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥

ਜਿਨ੍ਹਾਂ ਦਾ ਚਿੱਤ ਮਾਇਆ (ਵਿਕਾਰਾਂ ਵਾਲ਼ੀ ਮੱਤ) ਨੇ ਠੱਗਿਆ ਹੋਇਆ ਹੈ, ਉਹ ਗੱਲਾਂ 'ਚ ਭਾਵੇਂ ਬੜੇ ਰਵਾਂ (ਤੇਜ਼-ਚਲਾਕ) ਹੁੰਦੇ ਹਨ,

### ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥

(ਪਰ) ਸਦਾ ਨਾਲ਼ ਵੱਸਦੇ ਗੁਰੂ (ਪਰਮਾਤਮਾ ਦੇ ਗਿਆਨ, ਹੁਕਮ) ਤੋਂ ਬਿਨਾਂ ਹੋਰ ਸਿੱਖਿਆ (ਬਾਹਰੀ ਸਿਆਣਪ/ਚਤੁਰਾਈ) ਕੱਚੀ (ਝੂਠੀ) ਹੈ।

### ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥

ਗੁਰੂ ਗਿਆਨ ਦੀ ਸਿੱਖਿਆ (ਸ਼ਬਦ), ਰੱਬੀ ਗੁਣਾਂ ਨਾਲ਼ ਭਰਿਆ ਬੇਸ਼ਕੀਮਤੀ ਖਜ਼ਾਨਾ (ਰਤਨ) ਹੈ।

**ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥**

ਰੱਬੀ ਗਿਆਨ ਵਾਲ਼ੇ ਇਸ ਖਜ਼ਾਨੇ ਵੱਲ ਲੱਗਿਆ ਹੋਇਆ ਮਨ, ਰੱਬੀ ਗੁਣਾਂ ਵਿੱਚ ਸਮਾਇਆ ਰਹਿੰਦਾ ਹੈ।

**ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥**

ਰੱਬੀ ਗਿਆਨ ਨਾਲ਼ ਰਚੇ ਮਨ ਦਾ ਸੱਚੇ ਪਰਮਾਤਮਾ ਨਾਲ਼ ਪਿਆਰ ਪੈ ਜਾਂਦਾ ਹੈ।

**ਆਪੇ ਹੀਰਾ ਰਤਨੁ ਆਪੇ ਜਿਸਨੋ ਦੇਇ ਬੁਝਾਇ ॥**

ਜਿਸ ਨੂੰ ਗੁਰੂ ਗਿਆਨ ਨਾਲ਼ ਰੱਬੀ ਸਮਝ ਆ ਜਾਂਦੀ ਹੈ, ਉਹ ਆਪ ਵੀ ਬੇਸ਼ਕੀਮਤੀ ਹੋ ਜਾਂਦਾ ਹੈ।

**ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥**

ਰੱਬੀ ਗੁਣਾਂ (ਦੇ ਹੀਰਿਆਂ) ਨਾਲ਼ ਜੁੜੀ ਗੁਰੂ ਗਿਆਨ ਦੀ ਸਿੱਖਿਆ (ਸ਼ਬਦ) ਬੇਸ਼ਕੀਮਤੀ (ਰਤਨ) ਹੈ।

**ਸਿਵ ਸਕਤਿ ਆਪਿ ਉਪਾਇਕੈ ਕਰਤਾ ਆਪੇ ਹੁਕਮੁ ਵਰਤਾਏ ॥**

ਸ਼ਿਵ-ਸ਼ਕਤੀ (ਪਵਿੱਤਰ ਸ਼ਕਤੀ: ਉਹ ਸ਼ਕਤੀ ਜੋ ਸਾਡੇ ਅੰਦਰ ਵਰਤ ਰਹੀ ਹੈ; ਪਰਮਾਤਮਾ) ਆਪ ਸਾਨੂੰ ਪੈਦਾ ਕਰਦੀ ਹੈ (ਬਣਾਉਂਦੀ ਹੈ); ਅਤੇ ਫਿਰ ਉਹ ਕਰਤਾ (ਪਰਮੇਸਰ) ਆਪਣਾ ਹੁਕਮ ਸਾਡੇ ਅੰਦਰ ਵਰਤਾਉਂਦਾ ਹੈ (ਲਗਾਤਾਰ ਸਮਝ/ਗਿਆਨ ਬਖ਼ਸ਼ਦਾ ਹੈ)।

**ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥**

ਅਪਣੇ ਹੁਕਮ (ਸੋਝੀ) ਨਾਲ਼ ਸਾਡੀ ਦੇਖਭਾਲ਼ ਕਰਦਾ ਹੈ (ਭਾਵ: ਜੇ ਅਸੀਂ ਹੁਕਮ ਵਿੱਚ ਜਿਊਂਦੇ ਹਾਂ ਤਾਂ ਉਹ ਹੁਕਮ ਸਾਡੀ ਸੰਭਾਲ਼ ਕਰਦਾ ਹੈ); ਪਰ ਇਹ ਸਮਝ ਗੁਰਮੁਖ (ਗੁਰੂ ਗਿਆਨ ਨੂੰ ਸਮਰਪਿਤ) ਹੋ ਕੇ ਆਉਂਦੀ ਹੈ।

**ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥**

(ਇਹ ਸਮਝ ਓਦੋਂ ਆਉਂਦੀ ਹੈ) ਜਦੋਂ ਅਸੀਂ ਸ਼ਬਦ (ਸਿੱਖਿਆ) ਨੂੰ ਮਨ ‘ਚ ਵਸਾ ਕੇ ਵਿਕਾਰਾਂ ਦੇ ਬੰਧਨਾਂ ਨੂੰ ਤੋੜਦੇ ਹਾਂ।

**ਗੁਰਮੁਖਿ ਜਿਸਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥**

ਜਿਸਨੂੰ ਵੀ ਇਹ ਸੋਝੀ ਮਿਲ਼ੀ ਹੈ, ਗੁਰੂ ਗਿਆਨ ਨੂੰ ਸਮਰਪਿਤ ਹੋ ਕੇ ਹੀ ਮਿਲ਼ੀ ਹੈ; ਇੰਜ ਉਸ ਮਨ ਦਾ ਧਿਆਨ ਇੱਕ ਪਰਮਾਤਮਾ ਵੱਲ ਲੱਗਿਆ ਹੈ।

**ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥**

(ਇੱਕ ਵਿੱਚ ਧਿਆਨ ਵਾਲ਼ੇ ਮਨ ਨੇ ਜਾਣ ਲਿਆ ਹੈ ਕਿ) ਕਰਤਾ ਆਪ ਹੀ ਸਾਡੇ ਅੰਦਰ ਅਪਣੇ ਹੁਕਮ (ਸਦਾ ਨਾਲ਼ ਨਿਭਣ ਵਾਲ਼ੇ ਗਿਆਨ) ਰਾਹੀਂ ਸੋਝੀ ਬਖ਼ਸ਼ਦਾ ਹੈ।

**ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥**

ਬਹੁਤੇ ਗ੍ਰੰਥ ਸਿਰਫ ਪੁੰਨ-ਪਾਪ ਦੀਆਂ ਹੀ ਗੱਲਾਂ ਕਰਦੇ ਹਨ, ਪਰ (ਸਿਰਫ ਇਨ੍ਹਾਂ ਨੂੰ ਪੜ੍ਹ ਕੇ) ਤੱਤ ਦੀ ਗੱਲ ਪੱਲੇ ਨਹੀਂ ਪੈਂਦੀ (ਭਾਵ: ਅਪਣੇ ਅਸਲ ਰੱਬੀ ਰੂਪ ਦੀ ਸਮਝ (ਸੋਝੀ) ਨਹੀਂ ਹੁੰਦੀ, ਉਦੋਂ ਤੱਕ ਗੱਲ ਨਹੀਂ ਬਣਦੀ)।

**ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥**

ਇਹ ਤੱਤ ਦੀ ਗੱਲ ਗੁਰੂ (ਦੇ ਗਿਆਨ) ਤੋਂ ਬਿਨਾਂ ਨਹੀਂ ਜਾਣੀ ਜਾਂਦੀ।

**ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥**

**ਤਿਹੀ ਗੁਣੀ:** ਤਿੰਨ ਗੁਣ - ਰਜੋ, ਤਮੋ, ਸਤੋ।

**ਰਜੋ:** ਸਿਰਫ ਅਪਣੇ ਸੁਆਰਥ ਲਈ ਚੰਗੇ ਕੰਮ ਕਰਨਾ। **ਤਮੋ:** ਹਰ ਵੇਲ਼ੇ ਸਿਰਫ ਬੁਰਾ ਹੀ ਸੋਚਣਾ ਤੇ ਕਰਨਾ। **ਸਤੋ:** ਬਿਨਾਂ ਕਿਸੇ ਸੁਆਰਥ ਤੋਂ, ਸਿਰਫ ਭਲਾ ਹੀ ਸੋਚਣਾ ਤੇ ਕਰਨਾ।

ਸਾਡਾ ਮਨ ਇਨ੍ਹਾਂ ਤਿੰਨਾਂ ਹੀ ਅਵਸਥਾਵਾਂ ਵਿੱਚ ਭਟਕਦਾ ਰਹਿੰਦਾ ਹੈ—ਕਦੇ ਬਹੁਤ ਭਲਾ, ਕਦੇ ਬਹੁਤ ਮਾੜਾ, ਕਦੇ ਸੁਆਰਥੀ, ਕਦੇ ਪਰਉਪਕਾਰੀ।

ਤਿੰਨ ਗੁਣਾਂ ਵਿੱਚ ਭਟਕਣ ਦਾ ਭਾਵ ਇਹ ਹੈ ਕਿ ਮਨ ਵਿੱਚ ਟਿਕਾਉ ਨਹੀਂ ਆਉਂਦਾ, ਅਨੰਦ ਤੇ ਸ਼ਾਂਤੀ ਨਹੀਂ ਬਣਦੀ।

ੴ ਜਦੋਂ ਤੱਕ ਸਾਨੂੰ ਅਪਣੇ ਨਿੱਜ ਰੂਪ ਦੀ ਸਮਝ ਨਹੀਂ ਪੈਂਦੀ, ਸਾਡਾ ਸਾਰਾ ਹੀ ਅੰਦਰਲਾ ਸੰਸਾਰ ਮਨ ਦੀਆਂ ਨਿੱਤ (ਤਿਹੀ ਗੁਣੀ) ਬਦਲਦੀ ਅਵਸਥਾਵਾਂ ਵਿੱਚ ਭਰਮਦਾ ਸੱਚ ਤੋਂ ਅਣਜਾਣ ਰਹਿੰਦਾ ਹੈ; ਅਤੇ ਐਸੀ ਅਗਿਆਨਤਾ ਵਿੱਚ ਹੀ ਜੀਵਨ ਨਿਕ਼ਲ ਜਾਂਦਾ ਹੈ।

**ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ**
**ਬੋਲਹਿ ਅੰਮ੍ਰਿਤ ਬਾਣੀ ॥**

ਗੁਰੂ ਗਿਆਨ ਦੇ ਸਦਕਾ ਓਹੀ ਇਸ ਅਗਿਆਨਤਾ/ਬੇਸਮਝੀ ਵਿਚੋਂ ਨਿਕ਼ਲਦੇ ਹਨ, ਜਿਨ੍ਹਾਂ ਅਪਣੇ ਮਨ ਵਿੱਚ ਰੱਬੀ ਗਿਆਨ ਨੂੰ ਵਸਾਇਆ ਹੈ, ਅਤੇ ਅੰਮ੍ਰਿਤ (ਵਿਕਾਰਾਂ ਤੋਂ ਛੁਟਕਾਰਾ ਦਿਵਾਉਣ ਵਾਲ਼ੇ) ਗਿਆਨ ਨੂੰ ਅਮਲ ਵਿੱਚ ਲਿਆਏ ਹਨ।

**ਕਹੈ ਨਾਨਕੁ ਸੋ ਤਤੁ ਪਾਏ ਜਿਸਨੋ ਅਨਦਿਨੁ ਹਰਿ ਲਿਵ ਲਾਗੈ**
**ਜਾਗਤ ਰੈਣਿ ਵਿਹਾਣੀ ॥੨੭॥**

ਇੰਜ, ਓਹੀ ਉਸ ਤੱਤ ਗਿਆਨ ਨੂੰ ਹਾਸਲ ਕਰਦੇ ਹਨ ਜੋ ਹਰ ਸਮੇਂ ਰੱਬੀ ਹੁਕਮ ਵੱਲ ਧਿਆਨ ਲਗਾ ਕੇ ਰਾਤ-ਦਿਨ (ਵਿਕਾਰਾਂ ਵਲੋਂ) ਸੁਚੇਤ ਰਹਿੰਦੇ ਹਨ।

**ਨੋਟ:** ਬਹੁਤੀ ਵਾਰ ਅਸੀਂ ਇਹ ਸੋਚਦੇ ਹਾਂ ਕਿ ਮਾਂ ਦੇ ਗਰਭ ਵਿੱਚ ਜਦੋਂ ਬੱਚਾ ਹੁੰਦਾ ਹੈ, ਤਾਂ ਉਸ ਦੀ ਰੱਖਿਆ, ਪਾਲਣ-ਪੋਸ਼ਣ ਕੌਣ ਕਰਦਾ ਹੈ? ਜਿਸ ਪ੍ਰਭੂ ਨੇ ਇਹ ਸ਼ਰੀਰ ਬਣਾਇਆ, ਫਿਰ ਜਨਮ ਦੀ ਪੂਰੀ ਤਰਤੀਬ ਬਣਾਈ, ਉਸ ਕੁਦਰਤੀ ਨੇਮ ਵਿੱਚ ਮਾਂ ਦੇ ਗਰਭ ਵਿੱਚ ਸਾਡੀ ਪੂਰੀ ਬਣਤਰ, ਪਾਲਣ-ਪੋਸ਼ਣ ਤੇ ਰੱਖਿਆ ਹੁੰਦੀ ਹੈ। ਇਹ ਸਭ ਰੱਬ ਦੀ ਬਣਾਈ ਕੁਦਰਤ ਦਾ ਹਿੱਸਾ ਹੈ। ਪਰ, ਇਸ ਪਉੜੀ ਵਿੱਚ ਕਿਸੇ ਹੋਰ ਗਰਭ ਦਾ ਜ਼ਿਕਰ ਹੈ। ਗੁਰਬਾਣੀ ਵਿੱਚ ਬਹੁਤੀਆਂ ਥਾਵਾਂ ਤੇ 'ਮੱਤ' ਨੂੰ ਮਾਂ ਕਿਹਾ ਹੈ। ਜਿਵੇਂ ਮਾਂ ਦੇ ਗਰਭ ਵਿੱਚ ਸਾਡੀ ਰਚਨਾ ਹੁੰਦੀ ਹੈ, ਉਸੇ ਤਰ੍ਹਾਂ ਸਾਡੀ ਮੱਤ ਵਿੱਚੋਂ ਹੀ ਸਾਡੇ ਕਿਰਦਾਰ ਦਾ ਜਨਮ ਹੁੰਦਾ ਹੈ।

ਅਗਲੀਆਂ ਦੋ ਪਉੜੀਆਂ ਨੂੰ ਇਸ ਸੰਦਰਭ ਨਾਲ਼ ਸਮਝਣ ਦੀ ਕੋਸ਼ਿਸ਼ ਕਰੀਏ...

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥**

ਮੇਰੇ ਮਨਾ! ਜੋ ਸਤਿਗੁਰ (ਸਦਾ ਨਾਲ਼ ਨਿਭਣ ਵਾਲ਼ਾ ਰੱਬੀ ਗਿਆਨ) ਤੇਰੀ ਮੱਤ ਦੇ ਧੁਰ ਅੰਦਰ ਤੇਰੀ (ਵਿਕਾਰਾਂ ਤੋਂ) ਰੱਖਿਆ ਕਰਦਾ ਹੈ, ਉਸਨੂੰ ਨਾ ਭੁੱਲ।

ੴ

**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ**
**ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥**

ਉਹ ਸਤਿਗੁਰ (ਸੱਚਾ ਗਿਆਨ) ਹੀ ਉਸ ਸਮਝ ਦਾ ਦਾਤਾ ਹੈ ਜੋ ਵਿਕਾਰਾਂ ਦੀ ਅੱਗ ਵਿੱਚ ਤੇਰੀ ਸੁਰਤ ਨੂੰ ਅਨੰਦ-ਸੰਤੋਖ-ਸ਼ਾਂਤੀ ਵਾਲ਼ੇ ਗੁਣਾਂ ਦਾ ਭੋਜਨ ਦਿੰਦਾ ਹੈ।

**ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥**

ਗੁਰੂ ਗਿਆਨ ਸਦਕਾ ਜਿਨ੍ਹਾਂ ਦੀ ਲਿਵ ਰੱਬੀ ਗੁਣਾਂ ਵੱਲ ਲੱਗਦੀ ਹੈ, ਉਨ੍ਹਾਂ ਨੂੰ ਕੋਈ ਵਿਕਾਰ ਛੂਹ ਵੀ ਨਹੀਂ ਸਕਦਾ।

**ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥**

ਇਹ ਲਿਵ ਸਤਿਗੁਰ (ਰੱਬੀ ਗਿਆਨ/ਸਮਝ) ਦੀ ਆਪਣੀ ਦਿੱਤੀ ਹੋਈ ਹੈ, ਜਿਸ ਨੂੰ ਅਸੀਂ ਗੁਰਮੁਖ (ਗੁਰੂ ਗਿਆਨ ਨੂੰ ਸਮਰਪਿਤ) ਹੋ ਕੇ ਸਦਾ ਅਪਣੇ ਅੰਦਰ ਸੰਭਾਲ਼ ਸਕਦੇ ਹਾਂ।

**ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥**

ਮੇਰੇ ਮਨਾ! ਐਸੇ (ਗਿਆਨ ਦੇ) ਦਾਤੇ ਨੂੰ ਅਸੀਂ ਕਿਵੇਂ ਭੁੱਲ ਜਾਂਦੇ ਹਾਂ? (ਭਾਵ: ਭੁੱਲਣਾ ਨਹੀਂ ਚਾਹੀਦਾ)।

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥**

ਜੈਹੋ ਜਿਹੀ ਵਿਕਾਰਾਂ ਦੀ ਅੱਗ ਸਾਡੇ ਅੰਦਰ ਹੁੰਦੀ ਹੈ, ਓਹੋ ਜਿਹੀ ਹੀ ਸਾਡੀ ਬਾਹਰੀ ਮੱਤ ਵੀ ਹੋ ਜਾਂਦੀ ਹੈ।

**ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥**

ਇਹੋ ਹੀ ਉਸ ਕਰਤਾਰ ਦੇ ਬਣਾਏ ਜੀਵਨ ਦਾ ਨਿਯਮ ਹੈ ਕਿ ਸਾਡੀ ਬਾਹਰੀ ਮੱਤ ਅਤੇ ਸਭ ਕੁਝ ਅੰਦਰਲੇ ਵਿਕਾਰਾਂ ਵਰਗਾ ਹੀ ਹੋ ਜਾਂਦਾ ਹੈ।

**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥**

ਪਰ ਜੇ ਮਨ ਓਹੋ ਜਿਹਾ ਬਣ ਜਾਂਦਾ ਹੈ ਜੋ ਸਤਿਗੁਰ (ਸਦਾ ਨਾਲ਼ ਨਿਭਣ ਵਾਲ਼ੇ ਗਿਆਨ) ਅਨੁਸਾਰ ਹੁੰਦਾ ਹੈ, ਤਾਂ ਸਾਡਾ ਨਵਾਂ ਜਨਮ ਹੁੰਦਾ ਹੈ, ਜਿੱਥੇ ਸਾਨੂੰ ਸੰਤੋਖ ਵਰਗੇ ਰੱਬੀ ਗੁਣਾਂ ਦਾ ਪਰਿਵਾਰ ਮਿਲ਼ ਜਾਂਦਾ ਹੈ।

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥**

ਸਤਿਗੁਰ (ਸੱਚੇ ਗਿਆਨ) ਤੋਂ ਜਦੋਂ ਸਾਡਾ ਧਿਆਨ ਹਟਦਾ ਹੈ, ਤਾਂ ਤ੍ਰਿਸ਼ਨਾ (ਨਾ ਖਤਮ ਹੋਣ ਵਾਲ਼ੀਆਂ ਇੱਛਾਵਾਂ) ਲ਼ੱਗ ਜਾਂਦੀ ਹੈ; ਵਿਕਾਰਾਂ ਵਾਲ਼ੀ ਮੱਤ ਦਾ ਜ਼ੋਰ ਸਾਡੇ ਉੱਤੇ ਚੱਲਣ ਲ਼ੱਗ ਜਾਂਦਾ ਹੈ।

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥**

ਮਾਇਆ ਇਸੇ ਨੂੰ ਕਹਿੰਦੇ ਹਨ—ਉਹ ਮੱਤ ਜਿਸ ਵਿੱਚ ਪਰਮਾਤਮਾ ਭੁੱਲਦਾ ਹੈ, (ਅਗਿਆਨਤਾ ਨਾਲ਼) ਮੋਹ ਪੈਂਦਾ ਹੈ, ਅਤੇ ਰੱਬੀ ਗੁਣਾਂ ਦੀ ਥਾਂ ਦੂਜੇ ਪਾਸੇ (ਵਿਕਾਰਾਂ ਨਾਲ਼) ਪਿਆਰ ਪੈਂਦਾ ਹੈ।

**ਕਹੈ ਨਾਨਕੁ ਗੁਰਪਰਸਾਦੀ ਜਿਨਾ ਲਿਵ ਲਾਗੀ**
**ਤਿਨੀ ਵਿਚੇ ਮਾਇਆ ਪਾਇਆ ॥੨੯॥**

ਗੁਰੂ-ਗਿਆਨ ਸਦਕਾ (ਗੁਰੂ ਗਿਆਨ ਨੂੰ ਅਮਲ ਵਿੱਚ ਲਿਆਇਆਂ) ਜਿਨ੍ਹਾਂ ਦਾ ਧਿਆਨ ਸਤਿਗੁਰ (ਸਦਾ ਨਾਲ਼ ਵੱਸਦੇ ਗੁਰੂ/ਪ੍ਰਭੂ) ਨਾਲ਼ ਲ਼ੱਗਦਾ ਹੈ, ਉਨ੍ਹਾਂ ਨੂੰ ਅਪਣੇ ਅੰਦਰ ਹੀ ਉਸ ਮੱਤ ਦੀ ਪ੍ਰਾਪਤੀ ਹੁੰਦੀ ਹੈ (ਜਿਸ ਨਾਲ਼ ਵਿਕਾਰਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਅਨੰਦ ਹਾਸਲ ਹੁੰਦਾ ਹੈ)।

**ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥**

ਹਰੀ ਪਰਮਾਤਮਾ (ਜੋ ਸਦਾ ਸਾਡੇ ਨਾਲ਼ ਹੈ) ਅਨਮੋਲ ਹੈ; ਉਸ ਦੀ ਕਿਰਪਾ ਦਾ ਮੁੱਲ ਨਹੀਂ ਦਿੱਤਾ ਜਾ ਸਕਦਾ।

**ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥**

ਕਿਸੇ ਵੀ ਤਰ੍ਹਾਂ ਸੱਚੇ ਰੱਬ ਦੀ ਮਿਹਰ ਦਾ ਕੋਈ ਮੁੱਲ ਨਹੀਂ ਦਿੱਤਾ ਜਾ ਸਕਦਾ; ਸਦੀਆਂ ਤੋਂ ਲੋਕ ਕੋਸ਼ਿਸ਼ ਕਰਦੇ ਰਹੇ ਹਨ (ਕਿ ਉਸ ਦੀ ਕਿਰਪਾ ਨੂੰ ਕੋਈ ਮੁੱਲ ਦੇ ਕੇ ਖਰੀਦ ਲੈਣ)।

**ਐਸਾ ਸਤਿਗੁਰੁ ਜੇ ਮਿਲੈ ਤਿਸਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥**

ਜੇ ਅਸੀਂ ਐਸੇ ਸਤਿਗੁਰ (ਸਦਾ ਨਾਲ਼ ਨਿਭਣ ਵਾਲ਼ਾ ਗਿਆਨ ਰੂਪ ਪਰਮਾਤਮਾ) ਨੂੰ ਮਿਲ਼ਦੇ ਹਾਂ (ਭਾਵ: ਉਸ ਦੀ ਸਿੱਖਿਆ ਨੂੰ ਸੁਣਦੇ ਤੇ ਮੰਨਦੇ ਹਾਂ), ਤਾਂ ਅਪਣੇ ਅੰਦਰੋਂ ਮੈਂ-ਮੇਰੀ ਛੱਡ ਕੇ ਹਮੇਸ਼ਾ ਉਸ ਨੂੰ ਸਮਰਪਿਤ ਰਹੀਏ।

**ਜਿਸਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥**

ਜਿਸ ਪ੍ਰਭੂ ਨੇ ਇਹ ਜੀਵਨ ਦਿੱਤਾ ਹੈ, ਉਸ (ਦੇ ਹੁਕਮ/ਸਿੱਖਿਆ) ਨੂੰ ਮਨ ਵਿੱਚ ਵਸਾ ਕੇ, ਅਸੀਂ ਉਸਨੂੰ ਮਿਲ਼ ਸਕਦੇ ਹਾਂ।

**ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ**
**ਜਿਨ ਹਰਿ ਪਲੈ ਪਾਇ ॥੩੦॥**

ਜੀਵਨ ਨੂੰ ਹਰਿਆ ਕਰਨ ਵਾਲ਼ਾ (ਬਣਾਉਣ ਅਤੇ ਸਦਾ ਰਾਹ ਦਿਖਾਉਣ ਵਾਲ਼ਾ) ਪਰਮਾਤਮਾ ਅਨਮੋਲ ਹੈ; ਭਾਗਾਂ ਵਾਲ਼ੇ ਹਨ ਜਿਨ੍ਹਾਂ ਨੂੰ ਪ੍ਰਭੂ ਦੀ ਕਿਰਪਾ ਨਾਲ਼ ਇਹ ਸਮਝ ਪ੍ਰਾਪਤ ਹੋਈ ਹੈ।

**ਹਰਿ ਰਾਸਿ ਮੇਰੀ ਮਨੁ ਵਣਜਾਰਾ ॥**

ਸਦਾ ਨਾਲ਼ ਵੱਸਦਾ ਪਰਮਾਤਮਾ ਹੀ ਸਾਡੀ ਅਸਲ ਰਾਸ-ਪੂੰਜੀ ਹੈ; ਸਾਡਾ ਮਨ ਇਸ ਖਜ਼ਾਨੇ ਦਾ ਵਣਜਾਰਾ ਬਣ ਜਾਵੇ (ਰੱਬੀ ਗਿਆਨ ਨਾਲ਼ ਗੁਣਾਂ ਦੀ ਅਮੀਰੀ ਹਾਸਲ ਕਰੀਏ)।

**ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥**

ਪਰਮਾਤਮਾ ਆਪ ਹੀ ਸਾਡੀ ਸਭ ਤੋਂ ਵੱਡੀ ਪੂੰਜੀ ਹੈ, ਜਿਸਨੂੰ ਸਾਡਾ ਮਨ ਖੱਟ ਸਕਦਾ ਹੈ; ਇਹ ਸਮਝ ਸਾਨੂੰ ਸਤਿਗੁਰ (ਸੱਚੇ ਗਿਆਨ) ਤੋਂ ਹੀ ਮਿਲ਼ਦੀ ਹੈ।

**ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥**

ਮਨ ਕਰਕੇ ਨਿੱਤ ਪਰਮਾਤਮਾ ਨੂੰ ਜਪਣ (ਹੁਕਮ ਨੂੰ ਸੁਣਨ-ਮੰਨਣ-ਅਮਲ ਵਿੱਚ ਲਿਆਉਣ) ਨਾ਼ਲ ਅਸੀਂ ਜੀਵਨ ਵਿੱਚ ਹਰ ਰੋਜ਼ ਅਨੰਦ-ਸੁਖ-ਸ਼ਾਂਤੀ ਦਾ ਲਾਹਾ ਖੱਟਦੇ ਹਾਂ।

**ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥**

ਇਹ ਰੱਬੀ ਗੁਣਾਂ ਦੀ ਦੌਲਤ ਉਨ੍ਹਾਂ ਨੂੰ ਮਿ਼ਲਦੀ ਹੈ ਜਿਨ੍ਹਾਂ ਨੂੰ ਆਪ ਹਰੀ ਪਰਮਾਤਮਾ ਭਾ ਗਿਆ ਹੈ (ਜਿਨ੍ਹਾਂ ਦਾ ਪਿਆਰ ਸਦਾ ਨਾ਼ਲ ਵੱਸਣ ਵਾ਼ਲੇ ਪ੍ਰਭੂ ਨਾ਼ਲ ਪਿਆ ਹੈ)।

**ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥**

(ਉਨ੍ਹਾਂ ਨੂੰ ਹੀ ਇਹ ਅਹਿਸਾਸ ਹੁੰਦਾ ਹੈ ਕਿ) ਸਦਾ ਨਾ਼ਲ ਵੱਸਦਾ ਪਰਮਾਤਮਾ ਹੀ ਸਾਡੀ ਅਸਲ ਰਾਸ-ਪੂੰਜੀ ਹੈ; ਉਨ੍ਹਾਂ ਦਾ ਮਨ ਹੀ ਇਸ ਖਜ਼ਾਨੇ ਦਾ ਵਣਜਾਰਾ ਬਣ ਜਾਂਦਾ ਹੈ।

**ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥**

ਸਾਡੀ ਜ਼ੁਬਾਨ (ਨਿੰਦਾ ਤੇ ਬਾਹਰੀ ਸੁਆਦਾਂ) ਦੇ ਚਸਕਿਆਂ ‘ਚ ਪਈ ਰਹਿੰਦੀ ਹੈ, ਜਿਨ੍ਹਾਂ ਨਾ਼ਲ ਇਸਦਾ ਰੱਜ ਨਹੀਂ ਹੁੰਦਾ।

**ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥**

ਇਨ੍ਹਾਂ ਵਿਕਾਰੀ ਸੁਆਦਾਂ ਨਾ਼ਲ ਜ਼ੁਬਾਨ ਨਹੀਂ ਰੱਜਦੀ; ਸਬਰ-ਸੰਤੋਖ ਤਾਂ ਕੇਵਲ ਉਦੋਂ ਹੀ ਹੁੰਦਾ ਹੈ ਜਦੋਂ ਰੱਬੀ ਗਿਆਨ ਰਾਹੀਂ ਰੱਬੀ ਗੁਣਾਂ ਦਾ ਸੁਆਦ (ਪਿਆਰ) ਪੈ ਜਾਂਦਾ ਹੈ।

**ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥**

ਰੱਬੀ ਗਿਆਨ ਦਾ ਸੁਆਦ ਲੱਗ ਜਾਵੇ ਤਾਂ ਇਹ ਜ਼ੁਬਾਨ ਰੱਬੀ ਗੁਣਾਂ ਤੇ ਸ਼ੁਕਰਾਣੇ ਨੂੰ ਅੰਦਰ ਉਤਾਰਦੀ ਹੈ; ਫਿਰ ਤ੍ਰਿਸ਼ਨਾ (ਬੇਸਬਰੀ) ਨੇੜੇ ਨਹੀਂ ਆਉਂਦੀ।

**ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥**

ਸਤਿਗੁਰੂ ਨੂੰ ਮਿਲ਼ ਕੇ ਹੀ (ਉਸ ਦੇ ਦੱਸੇ ਰਾਹ 'ਤੇ ਚੱਲ ਕੇ) ਇਹ ਰੱਬੀ ਪ੍ਰੇਮ ਅਸੀਂ ਕਰਮਾਂ 'ਚ ਪਾ ਲੈਂਦੇ ਹਾਂ।

**ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥**

ਜਦੋਂ ਰੱਬੀ ਗਿਆਨ ਦਾ ਸੁਆਦ ਅਸੀਂ ਅਪਣੇ ਮਨ 'ਚ ਵਸਾ ਲੈਂਦੇ ਹਾਂ, ਤਾਂ ਹੋਰ (ਵਿਕਾਰਾਂ ਵਾਲ਼ੇ) ਸੁਆਦ ਛੁੱਟ ਜਾਂਦੇ ਹਨ।

**ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ**
**ਤਾ ਤੂ ਜਗ ਮਹਿ ਆਇਆ ॥**

ਅਪਣੇ ਸ਼ਰੀਰ ਵੱਲ ਵੇਖੀਏ—ਇਸ ਵਿੱਚ ਪਰਮਾਤਮਾ ਨੇ ਆਪਣੀ ਜੋਤ (ਜੀਵਨ ਰੂਪ ਅੰਸ਼) ਰੱਖੀ ਹੈ, ਤਾਂ ਹੀ ਅਸੀਂ ਸੰਸਾਰ ਵਿੱਚ ਆਏ ਹਾਂ (ਜਿਊਂਦੇ ਗਿਣੇ ਜਾਂਦੇ ਹਾਂ; ਜੋਤ ਨਾ ਹੋਵੇ ਤਾਂ ਸ਼ਰੀਰ ਕੁਝ ਨਹੀਂ)।

**ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥**

ਪਰਮੇਸਰ ਨੇ ਆਪਣੀ ਜੋਤ ਇਸ ਵਿੱਚ ਟਿਕਾਈ ਹੈ, ਤਾਂ ਹੀ ਇਹ ਦੁਨੀਆ ਵਿੱਚ ਜਿਊਂਦਾ ਹੈ।

**ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥**

ਜਿਵੇਂ ਸ਼ਰੀਰ ਦੀ ਰਚਨਾ ਲਈ ਮਾਂ-ਬਾਪ ਹਨ, ਜੀਵਨ ਦੀ ਜੋਤ ਰੱਖਣ ਵਾਲ਼ਾ ਪ੍ਰਭੂ ਸਾਡੇ ਜੀਵਨ ਦਾ ਮਾਂ-ਬਾਪ ਹੈ, ਜਿਸਦਾ ਅੰਸ਼ (ਜੋਤ) ਹੋਣ ਕਰਕੇ ਅਸੀਂ ਦੁਨੀਆ ਨੂੰ ਦੇਖਦੇ ਹਾਂ।

**ਗੁਰਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥**

ਗੁਰੂ ਗਿਆਨ ਰਾਹੀਂ ਜੀਵਨ ਦੀ ਇਸ ਖੇਡ ਦੀ ਸਮਝ ਆਉਂਦੀ ਹੈ; ਫਿਰ ਸਾਰਾ ਬਾਹਰੀ ਸੁੱਖ-ਦੁੱਖ ਖੇਡ ਹੀ ਨਜ਼ਰ ਆਉਂਦਾ ਹੈ (ਬੇਸਬਰੀ ਮੁੱਕਦੀ ਹੈ ਅਤੇ ਸਦਾ ਅਨੰਦ ਹੁੰਦਾ ਹੈ)।

**ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ**
**ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥੩੩॥**

ਸਾਡੀ ਸ੍ਰਿਸ਼ਟੀ ਦਾ ਮੂਲ (ਆਰੰਭ) ਹੀ ਉਦੋਂ ਹੁੰਦਾ ਹੈ ਜਦੋਂ ਪਰਮਾਤਮਾ ਸਾਡੇ ਸ਼ਰੀਰ ਵਿੱਚ ਆਪਣੀ ਜੋਤ ਰੱਖਦਾ ਹੈ, ਜਿਸ ਨਾਲ਼ ਇਹ ਸ਼ਰੀਰ ਸੰਸਾਰ ਵਿੱਚ ਜਿਊਂਦਾ ਹੈ (ਭਾਵ: ਜੇ ਅਸੀਂ ਜੀ ਰਹੇ ਹਾਂ, ਤਾਂ ਉਹ ਪਰਮਾਤਮਾ ਸਾਡੇ ਅੰਦਰ ਹੀ ਹੈ; ਇਹ ਅਹਿਸਾਸ ਸਾਨੂੰ ਡਰ-ਫ਼ਿਕਰ-ਬੇਸਬਰੀ ਤੋਂ ਮੁਕਤ ਕਰਕੇ ਅਨੰਦ ਵੱਲ ਲੈ ਜਾਂਦਾ ਹੈ)।

**ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥**

ਜਿਵੇਂ ਕਿਸੇ ਸੱਜਣ ਦੇ ਆਉਣ ਨਾਲ਼ ਚਾਉ (ਖੁਸ਼ੀ) ਹੁੰਦਾ ਹੈ, ਉਸੇ ਤਰ੍ਹਾਂ ਜਦੋਂ ਇਹ ਸਮਝ ਆ ਜਾਂਦੀ ਹੈ ਕਿ ਪਰਮਾਤਮਾ ਤਾਂ ਸਦਾ ਸਾਡੇ ਨਾਲ਼ ਹੈ, ਫਿਰ ਮਨ ਵਿੱਚ ਚਾਉ (ਅਨੰਦ) ਹੋ ਜਾਂਦਾ ਹੈ।

**ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥**

ਫਿਰ ਇਸ ਮਨ ਅੰਦਰ ਉਸ ਦਾ ਮੰਦਰ (ਘਰ) ਬਣ ਜਾਂਦਾ ਹੈ (ਭਾਵ: ਸਾਡਾ ਮਨ ਪ੍ਰਭੂ ਦੀ ਹੋਂਦ ਨੂੰ ਕਬੂਲ ਕਰਦਾ ਹੈ), ਅਤੇ ਅੰਦਰਲੀ ਸਾਰੀ ਸ੍ਰਿਸ਼ਟੀ (ਸੁਰਤ-ਮੱਤ-ਵਿਚਾਰ) ਅਨੰਦ ਗਾਉਂਦੀ (ਮਾਣਦੀ) ਹੈ।

**ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥**

ਪਰਮਾਤਮਾ ਦੇ ਪਿਆਰ ਨੂੰ ਮਾਣਦੀ ਸਾਡੀ ਸੁਰਤ-ਮੱਤ ਉਸ ਅਨੰਦ ਨੂੰ ਗਾਉਂਦੀ ਹੈ, ਤਾਂ ਫਿਰ ਅੰਦਰੋਂ ਸੋਗ-ਦੁੱਖ ਮੁੱਕਦੇ ਹਨ।

**ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥**

ਸਾਡੇ ਦਿਨ ਭਾਗਾਂ ਵਾਲ਼ੇ ਹੋ ਜਾਂਦੇ ਹਨ, ਜਦੋਂ ਅਸੀਂ ਗੁਰੂ ਗਿਆਨ ਦੀ ਸੇਵਾ (ਅਮਲ ਵਿੱਚ ਲਿਆਉਣ) ਵਿੱਚ ਲੱਗ ਜਾਂਦੇ ਹਾਂ, ਜਿਸ ਨਾਲ਼ ਅਪਣੇ ਪਿਆਰੇ ਪ੍ਰਭੂ ਨੂੰ ਅੰਦਰ ਜਾਣ ਲੈਂਦੇ ਹਾਂ।

**ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥**

ਗੁਰੂ ਗਿਆਨ ਰਾਹੀਂ ਅਨਹਤ ਬਾਣੀ (ਸਦਾ ਨਾਲ਼ ਵੱਸਦੇ ਪ੍ਰਭੂ ਤੋਂ ਮਿਲ਼ਦੇ ਬੇਰੋਕ ਹੁਕਮ/ਗਿਆਨ) ਦੀ ਪਛਾਣ ਹੁੰਦੀ ਹੈ, ਅਤੇ ਰੱਬੀ ਨਾਮ (ਅਪਣੇ ਨਿੱਜ ਰੂਪ ਦੀ ਪਛਾਣ) ਦਾ ਪਿਆਰ ਮਾਣਨ ਲੱਗ ਜਾਈਦਾ ਹੈ।

**ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥**

ਇੰਜ, ਅਪਣੇ ਅੰਦਰ ਉਸ ਪ੍ਰਭੂ ਨੂੰ ਮਿਲ਼ ਲਈਦਾ ਹੈ, ਜੋ ਸਭ ਕੁਝ ਕਰਨ ਜੋਗ ਹੈ।

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ**
**ਕਿਆ ਤੁਧੁ ਕਰਮ ਕਮਾਇਆ ॥**

(ਇਸ ਪਾਸੇ ਵੀ ਧਿਆਨ ਕਰੀਏ ਕਿ) ਪਰਮਾਤਮਾ ਦੇ ਦਿੱਤੇ ਇਸ ਸ਼ਰੀਰ ਨਾਲ਼ ਅਸੀਂ ਦੁਨੀਆ ਵਿੱਚ ਕੀ ਕਰਮ ਕਮਾ ਰਹੇ ਹਾਂ?

**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥**

ਇਸ ਦੁਨੀਆ ਵਿੱਚ ਆ ਕੇ ਅਸੀਂ ਇਸ ਸ਼ਰੀਰ ਨਾਲ਼ ਕਿਹੜੇ ਕੰਮ ਸੰਵਾਰ ਰਹੇ ਹਾਂ?

**ਜਿਨਿ ਹਰਿ ਤੇਰਾ ਰਚਨੁ ਰਚਿਆ**
**ਸੋ ਹਰਿ ਮਨਿ ਨ ਵਸਾਇਆ ॥**

ਜਿਸ ਪ੍ਰਭੂ ਨੇ ਸਾਡੇ ਸ਼ਰੀਰ ਤੇ ਜੀਵਨ ਦੀ ਰਚਨਾ ਕੀਤੀ ਹੈ, ਉਸ ਨੂੰ ਤਾਂ ਮਨ ‘ਚ ਵਸਾਇਆ ਹੀ ਨਹੀਂ (ਭਾਵ: ਉਸ ਦੇ ਦੱਸੇ ਰਾਹ ‘ਤੇ ਤਾਂ ਚੱਲ ਹੀ ਨਹੀਂ ਰਹੇ)।

**ਗੁਰਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥**

ਜੋ ਪੂਰਬ ਲਿਖਿਆ ਹੈ (ਭਾਵ: ਜਿਸ ਕੰਮ ਲਈ ਜੀਵਨ ਮਿਲ਼ਿਆ ਹੈ), ਉਹ ਉਦੋਂ ਹੀ ਸਾਨੂੰ ਸਮਝ ਪੈਂਦੀ ਹੈ ਜਦੋਂ ਅਸੀਂ ਗੁਰੂ ਗਿਆਨ ਰਾਹੀਂ ਪਰਮਾਤਮਾ (ਦੇ ਹੁਕਮ) ਨੂੰ ਮਨ ‘ਚ ਮੰਨ ਕੇ ਵਸਾ ਲੈਂਦੇ ਹਾਂ।

**ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥**

ਇਸ ਤਰ੍ਹਾਂ, ਸਾਡਾ ਜੀਵਨ (ਸ਼ਰੀਰ) ਉਦੋਂ ਹੀ ਪਰਵਾਨ ਹੁੰਦਾ ਹੈ ਜਦੋਂ ਅਸੀਂ ਸਦਾ ਨਾਲ਼ ਨਿਭਣ ਵਾਲ਼ੇ ਗੁਰੂ ਗਿਆਨ ਨਾਲ਼ ਚਿੱਤ ਲਾਂਉਂਦੇ ਹਾਂ।

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ**
**ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥**

ਜਿਸ ਪ੍ਰਭੂ ਨੇ ਸਾਡੀਆਂ ਅੱਖਾਂ ਨੂੰ ਆਪਣੀ ਜੋਤ ਨਾਲ਼ ਸੁਰਜੀਤ ਕੀਤਾ ਹੈ (ਵੇਖਣ ਦੀ ਸ਼ਕਤੀ ਦਿੱਤੀ ਹੈ), ਅਸੀਂ ਇਨ੍ਹਾਂ ਅੱਖਾਂ ਨਾਲ਼ (ਹਰ ਪਾਸੇ, ਸਭ ਵਿੱਚ) ਉਸੇ ਪ੍ਰਭੂ ਨੂੰ ਵੇਖੀਏ; ਉਸ ਤੋਂ ਬਿਨਾਂ ਹੋਰ ਨਾ ਦੇਖੀਏ।

**ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥**

ਪਰਮਾਤਮਾ ਤੋਂ ਬਿਨਾਂ ਹੋਰ ਨਾ ਦੇਖੀਏ; ਇਨ੍ਹਾਂ ਨਜ਼ਰਾਂ ਨਾਲ਼ ਹਰ ਪਾਸੇ, ਸਭ ਵਿੱਚ ਉਸੇ ਨੂੰ ਹੀ ਦੇਖੀਏ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ**
**ਹਰਿ ਰੂਪੁ ਨਦਰੀ ਆਇਆ ॥**

ਇਹ ਜੋ ਦੁਨੀਆ ਅਸੀਂ ਦੇਖ ਰਹੇ ਹਾਂ, ਇਹ ਉਸੇ ਦਾ ਹੀ ਰੂਪ ਹੈ; ਉਸਦਾ ਰੂਪ ਸਾਨੂੰ ਇਸ ਵਿੱਚ ਹੀ ਨਜ਼ਰ ਆਵੇਗਾ।

**ਗੁਰਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ**
**ਹਰਿ ਬਿਨੁ ਅਵਰੁ ਨ ਕੋਈ ॥**

ਜਦੋਂ ਗੁਰੂ ਗਿਆਨ ਸਦਕਾ ਅਸੀਂ (ਸਮਝ ਲੈ ਕੇ) ਵੇਖਾਂਗੇ, ਤਾਂ ਇੱਕ ਪਰਮਾਤਮਾ ਹੀ ਸਭ ਵਿੱਚ ਨਜ਼ਰ ਆਵੇਗਾ; ਸਮਝ ਆਵੇਗੀ ਕਿ ਹੋਰ ਕੋਈ (ਦੂਜਾ-ਤੀਜਾ) ਹੈ ਹੀ ਨਹੀਂ।

**ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ**
**ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥**

ਸਾਡੀਆਂ ਅੱਖਾਂ (ਭਾਵੇਂ ਉਂਜ ਵੇਖਦੀਆਂ ਹੋਣ ਪਰ) ਅੰਨ੍ਹੀਆਂ ਹੀ ਹਨ ਜਦ ਤੱਕ ਸਾਨੂੰ ਸਭ ਵਿੱਚ ਇੱਕ ਪ੍ਰਭੂ ਨਹੀਂ ਦਿਸਦਾ; ਅਤੇ ਗੁਰੂ ਗਿਆਨ ਨੂੰ ਮਿਲ਼ ਕੇ (ਜੀਵਨ ਵਿੱਚ ਉਤਾਰ ਕੇ) ਹੀ ਸਾਨੂੰ ਇਹ ਚਾਨਣ ਹੁੰਦਾ ਹੈ।

**ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥**

ਪਰਮਾਤਮਾ ਨੇ ਸਾਨੂੰ ਸੱਚਾ ਗਿਆਨ ਸੁਣਨ ਲਈ ਕੰਨ ਦੇ ਕੇ ਭੇਜਿਆ ਹੈ (ਸੁਣਨ ਦੀ ਸ਼ਕਤੀ ਦਿੱਤੀ ਹੈ) (ਨੋਟ: ਸੁਣਨਾ ਸਿਰਫ ਕੰਨਾਂ 'ਚ ਆਵਾਜ਼ ਪੈਣ ਦਾ ਨਾਮ ਨਹੀਂ, ਬਲਕਿ ਸੁਣ ਕੇ ਮਨ ਵਿੱਚ ਉਤਾਰਨ ਦੀ ਗੱਲ ਹੈ)।

**ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥**

ਇਹ ਕੰਨ ਸੱਚੇ ਗਿਆਨ ਨੂੰ ਸੁਣਨ ਲਈ ਸ਼ਰੀਰ ਨਾ਼ਲ ਆਏ ਹਨ, ਤਾਂ ਇਨ੍ਹਾਂ ਨਾ਼ਲ ਸੱਚੀ ਬਾਣੀ (ਸਦਾ ਨਾ਼ਲ ਨਿਭਣ ਵਾ਼ਲੇ ਗਿਆਨ ਨੂੰ) ਸੁਣੀਏ।

**ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥**

ਜਿਸ ਨੂੰ ਸੁਣ (ਮੰਨ) ਕੇ ਮਨ ਤੇ ਤਨ (ਵਿਚਾਰ ਤੇ ਵਿਹਾਰ) ਵਿੱਚ ਅਨੰਦ ਆਵੇ, ਅਤੇ ਜ਼ੁਬਾਨ ਪਰਮਾਤਮਾ ਦੇ ਪਿਆਰ (ਸ਼ੁਕਰਾਨੇ) ਦੇ ਸੁਆਦ ਵਿੱਚ ਸਮਾ ਜਾਵੇ।

**ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥**

ਸਦਾ ਨਾ਼ਲ ਨਿਭਣ ਵਾ਼ਲੀ ਇਹ ਸਮਝ ਲਫ਼ਜ਼ਾਂ ਤੋਂ ਪਰੇ ਕਰਾਮਾਤੀ ਹੈ, ਇਸ ਦੀ ਵਡਿਆਈ ਕਹੀ ਨਹੀਂ ਜਾ ਸਕਦੀ।

**ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ**
**ਸਾਚੈ ਸੁਨਣੈ ਨੋ ਪਠਾਏ ॥੩੭॥**

ਇਸ ਲਈ ਇਨ੍ਹਾਂ ਕੰਨਾਂ ਨਾ਼ਲ ਅੰਮ੍ਰਿਤ ਨਾਮ (ਵਿਕਾਰਾਂ ਦੇ ਜ਼ਹਿਰ ਤੋਂ ਛੁਟਕਾਰਾ ਦਿਵਾਉਣ ਵਾ਼ਲਾ ਗੁਣ) ਸੁਣੀਏ, ਅਤੇ ਅੰਦਰੋਂ ਪਵਿੱਤਰ ਹੋ ਜਾਈਏ; ਕਿਉਂਕਿ ਅਸੀਂ ਇਹੀ ਸੁਣਨ (ਜੀਵਨ ਵਿੱਚ ਉਤਾਰਨ) ਲਈ ਆਏ ਹਾਂ।

ਭਾਵੇਂ ਕਿ ਜੋਗ ਮੱਤ ਜਾਂ ਹੋਰ ਕਿਸੇ ਫ਼ਲਸਫ਼ੇ ਵਿੱਚ ਕੇਵਲ ਸ਼ਰੀਰ ਨਾਲ਼ ਜੁੜੇ ਛਿਦਰਾਂ ਨੂੰ ਦੁਆਰ (ਰਸਤਾ) ਕਿਹਾ ਗਿਆ ਹੋਵੇ, ਅਤੇ ਸਿਰ ਅੰਦਰ ਕਿਸੇ ਦਸਵੇਂ ਦੁਆਰ ਦੀ ਕਲਪਨਾ ਕੀਤੀ ਹੋਵੇ, ਪਰ ਜੇ ਗੁਰਬਾਣੀ ਨੂੰ ਵਿਚਾਰੀਏ ਤਾਂ ਗੁਰਮੱਤ ਦਾ ਸਿਧਾਂਤ ਇਨ੍ਹਾਂ ਗਿਣਤੀਆਂ ਤੋਂ ਪਰੇ ਹੈ।

ਇਸ ਲਈ ਜਦੋਂ ਗੁਰੂ ਜੀ ਇਹ ਕਹਿੰਦੇ ਹਨ ਕਿ ਨੌਂ ਦਰਵਾਜ਼ੇ ਦਿੱਸਦੇ ਹਨ ਅਤੇ ਦਸਵਾਂ ਦਰਵਾਜ਼ਾ ਗੁਪਤ ਹੈ, ਤਾਂ ਇਸਦਾ ਭਾਵ ਇਹ ਹੈ ਕਿ ਸ਼ਰੀਰ ਅਤੇ ਇਸ ਨਾਲ ਜੁੜੇ ਸੁੱਖਾਂ ਵੱਲ ਸਾਡਾ ਐਨਾ ਜ਼ਿਆਦਾ ਧਿਆਨ ਹੈ ਕਿ "ਇੱਕ" ਸਦਾ ਨਾਲ਼ ਵੱਸਣ ਵਾਲੇ ਨੂੰ ਅਸੀਂ ਦੇਖ ਹੀ ਨਹੀਂ ਰਹੇ, ਜਿਸ ਨਾਲ਼ ਸਭ ਕੁਝ ਰੌਸ਼ਨ ਹੁੰਦਾ ਹੈ ਅਤੇ ਜਿਸ ਰਾਹੀਂ ਸਦਾ ਰਹਿਣ ਵਾਲ਼ਾ ਅਨੰਦ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਵਿੱਚ ਵੱਖ-ਵੱਖ ਮਤਾਂ ਦੀਆਂ ਮਨੌਤਾਂ ਵਾਲ਼ੇ ਲਫ਼ਜ਼ ਗੁਰਮੱਤ ਦੇ ਸਿਧਾਂਤ ਨੂੰ ਪੇਸ਼ ਕਰਨ ਲਈ ਇਸ਼ਾਰਿਆਂ ਵਜੋਂ ਵਰਤੇ ਗਏ ਹਨ।

**ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥**

ਕਰਤਾ ਪੁਰਖ ਪਰਮਾਤਮਾ ਨੇ ਇਸ ਸੋਹਣੇ ਜੀਵਨ ਦੀ ਰਚਨਾ ਕੀਤੀ ਹੈ।

ਸ਼ਰੀਰ ਦੀ ਇਸ ਗੁਫਾ ਵਿੱਚ ਹਵਾ (ਸਾਹ) ਦਾ ਵਾਜਾ ਵੱਜ ਰਿਹਾ ਹੈ (ਭਾਵ: ਸਾਹ ਕਰਕੇ ਹੀ ਅਸੀਂ ਸੁਣਦੇ, ਬੋਲਦੇ, ਤੁਰਦੇ ਅਤੇ ਫਿਰਦੇ ਹਾਂ)।

**ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ**
**ਦਸਵਾ ਗੁਪਤੁ ਰਖਾਇਆ ॥**

ਜੋ ਸ਼ਰੀਰ ਸਾਹ ਦੇ ਆਸਰੇ ਚੱਲ ਰਿਹਾ ਹੈ, ਇਸ ਵਿੱਚ ਬਾਹਰੀ ਸੰਸਾਰ ਨਾਲ਼ ਰਾਬਤਾ ਬਣਾਉਣ ਲਈ ਅੱਖਾਂ, ਕੰਨ, ਨੱਕ, ਚਮੜੀ ਆਦਿ ਇੰਦ੍ਰੀਆਂ (ਅੰਗ) ਹਨ ਜੋ ਸਾਨੂੰ ਦਿਸ ਰਹੀਆਂ ਹਨ। ਪਰ ਇੱਕ ਦੁਆਰ (ਰਾਹ) ਐਸਾ ਵੀ ਹੈ ਜੋ ਸਾਡੇ ਲਈ ਲੁਕਿਆ ਰਹਿੰਦਾ ਹੈ (ਭਾਵ: ਸ਼ਰੀਰ ਦੇ ਅੰਗ ਜਿਨ੍ਹਾਂ ਰਾਹੀਂ ਅਸੀਂ ਬਾਹਰੀ ਸੰਸਾਰ ਨਾਲ਼ ਵਿਹਾਰ ਕਰਦੇ ਹਾਂ, ਉਧਰ ਤਾਂ ਸਾਡਾ ਧਿਆਨ ਹੈ, ਪਰ ਉਹ ਸਤਿਗੁਰ {ਸੱਚਾ ਗਿਆਨ} ਜੋ ਸਦਾ ਨਾਲ਼ ਹੈ ਉਸ ਵੱਲ ਅਸੀਂ ਦੇਖਦੇ ਹੀ ਨਹੀਂ)।

**ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥**

ਗੁਰੂ ਗਿਆਨ ਦੇ ਦੁਆਰਾ ਜਦੋਂ ਅੰਦਰ ਪਿਆਰ ਬਣਦਾ ਹੈ, ਤਾਂ ਦਸਵਾਂ ਦੁਆਰ (ਸਦਾ ਨਾਲ਼ ਵੱਸਦਾ ਗਿਆਨ ਅਤੇ ਅਨੰਦ ਦਾ ਸਰੋਤ ਪਰਮਾਤਮਾ) ਦਿੱਸਦਾ ਹੈ (ਭਾਵ: ਗੁਰੂ ਗਿਆਨ ਨਾਲ਼ ਅਸੀਂ ਅੰਦਰ ਵੱਸਦੇ ਸੱਚੇ ਗਿਆਨ ਦੇ ਸੋਮੇ ਨੂੰ ਜਾਣਦੇ ਹਾਂ, ਜਿਸ ਤੋਂ ਅਨੰਦ ਹਾਸਲ ਹੁੰਦਾ ਹੈ)।

**ਤਹ ਅਨੇਕ ਰੂਪ ਨਾਉ ਨਵਨਿਧਿ ਤਿਸਦਾ ਅੰਤੁ ਨ ਜਾਈ ਪਾਇਆ ॥**

ਉੱਥੇ ਅੰਦਰ (ਸੱਚੇ ਪਰਮਾਤਮਾ ਕੋਲ਼) ਅਨੇਕਾਂ ਹੀ ਸੋਹਣੇ ਗੁਣਾਂ ਅਤੇ ਅਨੰਦ ਦੇ ਸਾਰੇ ਖਜ਼ਾਨੇ ਹਨ; ਉਸ ਸੱਚੇ ਦੀ ਵਡਿਆਈ ਦਾ ਕੋਈ ਅੰਤ ਨਹੀਂ।

**ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ**
**ਵਾਜਾ ਪਵਣੁ ਵਜਾਇਆ ॥੩੮॥**

ਉੱਥੇ, ਇਸ ਸ਼ਰੀਰ ਦੇ ਅੰਦਰ ਹੀ ਪਿਆਰੇ ਪਰਮਾਤਮਾ ਨੇ ਸਾਹ ਰਾਹੀਂ ਸਾਨੂੰ ਜੀਵਨ ਦੀ ਸਮਰਥਾ ਬਖ਼ਸ਼ੀ ਹੋਈ ਹੈ (ਜਿਵੇਂ ਸਾਹ ਸਾਡੇ ਅੰਦਰ ਜੀਵਨ ਦਾ ਆਸਰਾ ਹੈ, ਉਸੇ ਤਰ੍ਹਾਂ ਸਾਡੇ ਧੁਰ ਅੰਦਰ ਅਨੰਦ ਦਾ ਸੋਮਾ ਪਰਮਾਤਮਾ ਵੱਸਿਆ ਹੋਇਆ ਹੈ)।

**ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥**

ਉਸ ਸੱਚੇ ਘਰ (ਧੁਰ ਅੰਦਰ ਪ੍ਰਭੂ ਕੋਲ਼) ਹੀ ਸੱਚੇ (ਸਦਾ ਰਹਿਣ ਵਾਲ਼ੇ) ਅਨੰਦ ਦੇ ਗੀਤ ਗਾਈਏ (ਭਾਵ: ਅੰਦਰ ਟਿਕ ਕੇ ਰੱਬੀ ਗਿਆਨ ਵਿਚੋਂ ਅਨੰਦ ਦੀ ਪ੍ਰਾਪਤੀ ਕਰੀਏ)।

**ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥**

ਉਸ ਸੱਚੇ ਘਰ (ਅਪਣੇ ਅੰਦਰ) ਹੀ ਅਨੰਦ ਨੂੰ ਹਾਸਲ ਕੀਤਾ ਜਾਂਦਾ ਹੈ, ਜਦੋਂ ਪ੍ਰਭੂ ਵੱਲ ਸਦਾ ਧਿਆਨ ਹੋ ਜਾਵੇ।

**ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥**

ਜਿਨ੍ਹਾਂ ਨੇ ਗੁਰੂ ਗਿਆਨ ਨਾਲ਼ ਸਮਝ ਹਾਸਲ ਕੀਤੀ ਹੈ, ਉਹੀ ਰੱਬੀ ਹੁਕਮ ਵਿੱਚ ਜਿਉਣ ਵਾਲ਼ੇ ਸਤਿ-ਰੂਪ ਪਰਮਾਤਮਾ ਵੱਲ ਧਿਆਨ ਕਰਦੇ ਹਨ।

**ੴ ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥**

ਇਹ ਸੱਚ (ਸਦਾ ਨਾਲ਼ ਰਹਿਣ ਵਾਲ਼ਾ ਪ੍ਰਭੂ) ਹੀ ਸਾਡਾ ਸਭ ਦਾ ਮਾਲਕ ਹੈ; ਅਤੇ ਉਸ ਦੇ ਜਨ (ਸੇਵਕ) ਉਹੀ ਹਨ ਜੋ ਉਸ ਦੇ ਬਖ਼ਸ਼ੇ ਹੁਕਮ (ਸਮਝ) ਨੂੰ ਪਾ ਲੈਂਦੇ ਹਨ (ਅਪਣੇ ਮਨ ਵਿੱਚ ਵਸਾ ਕੇ ਸਿਰ-ਮੱਥੇ ਮੰਨਦੇ ਹਨ)।

**ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥**

ਇਸ ਕਰਕੇ, ਸਦਾ ਰਹਿਣ ਵਾਲ਼ੇ ਅਨੰਦ ਦੀ ਪ੍ਰਾਪਤੀ ਲਈ ਉਸ ਸਦਾ ਨਾਲ਼ ਰਹਿਣ ਵਾਲ਼ੇ ਪ੍ਰਭੂ ਦੇ ਘਰ (ਅਪਣੇ ਧੁਰ ਅੰਦਰ) ਟਿਕ ਕੇ ਉਸ ਦੇ ਹੁਕਮ ਨੂੰ ਗਾਈਏ (ਅਮਲ ਵਿੱਚ ਲਿਆਈਏ)।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥**

**ਅਨਹਦ ਨਾਦ:** ਭਾਵੇਂ ਕਿ ਇਸਦਾ ਅੱਖਰੀ ਅਰਥ ਹੈ "ਉਹ ਆਵਾਜ਼ ਜੋ ਬੇਰੋਕ ਹੈ"। ਜੋਗੀ ਇਹ ਮੰਨਦੇ ਹਨ ਕਿ ਸੁਰਤ ਜੋੜ ਕੇ ਕਿਸੇ ਬੇਰੋਕ ਲਗਾਤਾਰ ਚੱਲਦੀ ਆਵਾਜ਼ (ਧੁਨ) ਨੂੰ ਸੁਣਨਾ — ਜਿਸਨੂੰ ਉਹ ਰੱਬ ਦੀ ਆਵਾਜ਼ ਕਹਿੰਦੇ ਹਨ। ਇਸਨੂੰ ਅੱਖਰੀ ਅਰਥਾਂ ਵਿੱਚ ਲੈ ਕੇ ਕਈ ਵਾਰ ਸਿੱਖ ਵੀਰ-ਭੈਣ ਵੀ ਕੋਈ ਐਸੀ "ਆਵਾਜ਼" ਸੁਣਨ ਵੱਲ ਲੱਗ ਜਾਂਦੇ ਹਨ। ਪਰ, ਗੁਰਬਾਣੀ ਨੂੰ ਪੜ੍ਹ ਕੇ ਸਮਝੀਏ ਤਾਂ ਉਹ **ਅਨਹਦ ਨਾਦ** ਤਾਂ ਸਦਾ ਸਾਡੇ ਅੰਦਰ ਗੁਰੂ ਗਿਆਨ ਰਾਹੀਂ ਸਾਨੂੰ ਰਾਹ ਦਿਖਾਉਂਦਾ ਹੈ।

ਪਰਮਾਤਮਾ, ਜੋ ਸਾਡੇ ਅੰਦਰ ਵੱਸਦਾ ਸੱਚਾ ਗੁਰੂ ਹੈ, ਉਹ ਨਿਰੰਤਰ, ਲਗਾਤਾਰ, ਬੇਰੋਕ ਸਾਨੂੰ ਜੀਵਨ ਜਿਉਣ ਦੀ ਸਮਝ (ਹੁਕਮ) ਬਖ਼ਸ਼ਦਾ ਹੈ — ਕਦੇ ਛੱਡ ਕੇ ਨਹੀਂ ਜਾਂਦਾ। ਗੁਰੂ ਗਿਆਨ ਰਾਹੀਂ ਉਸ ਕਦੇ ਨਾ ਰੁਕਣ ਵਾਲ਼ੇ ਗਿਆਨ ਦੇ ਪ੍ਰਵਾਹ ਨੂੰ ਪਛਾਣਨਾ, ਸੁਣਨਾ, ਅਤੇ ਉਸ ਉੱਤੇ ਅਮਲ ਕਰਨਾ ਹੈ, ਤਾਂ ਹੀ ਅਸਲ ਅਨੰਦ ਹੁੰਦਾ ਹੈ। ਅਨਦ (ਅਪਣੇ ਅੰਦਰ ਵੱਸਦੇ ਪ੍ਰਭੂ ਤੋਂ ਸਦਾ ਮਿਲ਼ਦੇ ਹੁਕਮ) ਨੂੰ ਸੁਣੀਏ, ਤਾਂ ਹੀ ਵੱਡੇ ਭਾਗ ਹੁੰਦੇ ਹਨ, ਅਤੇ (ਵਿਕਾਰਾਂ ਤੋਂ ਮੁਕਤੀ ਅਤੇ ਅਨੰਦ ਵਾਲ਼ੇ) ਸਾਰੇ ਮਨੋਰਥ ਪੂਰੇ ਹੁੰਦੇ ਹਨ।

**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥**

ਹੁਕਮ ਨੂੰ ਸੁਣ-ਮੰਨ ਕੇ ਹੀ ਪਾਰਬ੍ਰਹਮ ਪ੍ਰਭੂ ਨਾਲ਼ ਮਿਲਾਪ ਹੁੰਦਾ ਹੈ, ਅਤੇ ਅੰਦਰੋਂ ਸਾਰੀਆਂ ਚਿੰਤਾਵਾਂ (ਫਿਕਰ) ਮੁੱਕ ਜਾਂਦੀਆਂ ਹਨ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥**

ਜਦੋਂ ਅਸੀਂ ਸੱਚੀ ਬਾਣੀ (ਸਦਾ ਨਾਲ਼ ਨਿਭਣ ਵਾਲ਼ੀ ਸਿੱਖਿਆ) ਨੂੰ ਸੁਣਦੇ ਅਤੇ ਮੰਨਦੇ ਹਾਂ, ਤਦੋਂ ਹੀ ਅੰਦਰੋਂ ਸਭ ਦੁੱਖ, ਰੋਗ (ਵਿਕਾਰ) ਅਤੇ (ਵਿਕਾਰਾਂ ਤੋਂ ਪੈਦਾ ਹੋਏ) ਕਲੇਸ਼ ਮੁੱਕਦੇ ਹਨ।

**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥**

ਪੂਰੇ ਗੁਰੂ ਤੋਂ ਮਿਲ਼ੇ ਇਸ ਗਿਆਨ ਨਾਲ਼ ਅਸੀਂ ਪਿਆਰ ਨਾਲ ਭਰੇ (ਸਰਸ: ਰਸ/ ਪਿਆਰ ਨਾਲ ਭਰੇ) ਸੰਤ-ਸਜਣ (ਚੰਗੇ) ਹੋ ਜਾਂਦੇ ਹਾਂ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥**

ਜੋ ਅੰਦਰੋਂ ਸਤਿਗੁਰੂ (ਸਦਾ ਨਾਲ਼ ਨਿਭਣ ਵਾਲ਼ਾ ਗੁਰੂ ਗਿਆਨ) ਨਾਲ਼ ਖੁਦ ਨੂੰ ਭਰਪੂਰ ਕਰ ਲੈਂਦੇ ਹਨ (ਭਾਵ: ਗੁਰੂ ਗਿਆਨ ਤੋਂ ਇਲਾਵਾ ਹੋਰ ਕੁਝ — ਵਿਕਾਰੀ ਮੱਤ — ਨਹੀਂ ਰੱਖਦੇ), ਉਹ ਸਦਾ ਪਵਿੱਤਰਤਾ ਨੂੰ ਹੀ ਸੁਣਦੇ ਤੇ ਬੋਲਦੇ ਹਨ (ਭਾਵ: ਉਨ੍ਹਾਂ ਦਾ ਹਰ ਕਰਮ ਅੰਦਰੂਨੀ ਪਵਿੱਤਰਤਾ ਵੱਲ ਹੁੰਦਾ ਹੈ)।

**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥**

ਜੋ ਇੰਜ ਗੁਰੂ ਗਿਆਨ ਦੇ ਚਰਨਾਂ ਨਾਲ਼ ਲੱਗ ਜਾਂਦੇ ਹਨ (ਆਪਣਾ ਆਪ ਸੌਂਪ ਦਿੰਦੇ ਹਨ), ਉਨ੍ਹਾਂ ਅੰਦਰ ਸਦਾ ਹੀ ਅਨੰਦ ਬਣਿਆ ਰਹਿੰਦਾ ਹੈ (ਅਨਹਦ ਤੂਰੇ: ਕਦੇ ਨਾ ਖਤਮ ਹੋਣ ਵਾਲ਼ਾ ਅਨੰਦ)।